ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2567 | 27 August, 2026 Thursday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

# ਅਮਰੀਕਾ ਦੇ ਮੋਂਟਾਨਾ ਵਿੱਚ ਪਰਿਵਾਰ ਦੇ 8 ਮੈਂਬਰਾਂ ਦੀ ਹੱਤਿਆ: ਦੋਸ਼ੀ ਨੇ ਖ਼ੁਦ ਨੂੰ ਵੀ ਮਾਰੀ ਗੋਲੀ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਐਤਵਾਰ ਸ਼ਾਮ ਨੂੰ ਮੋਂਟਾਨਾ ਦੇ ਬਿਲਿੰਗਸ ਸ਼ਹਿਰ ਵਿੱਚ ਇੱਕ ਪਰਿਵਾਰ ਦੇ ਅੱਠ ਮੈਂਬਰਾਂ ਦੀ ਹੱਤਿਆ ਕਰ ਦਿੱਤੀ ਗਈ। ਇੱਥੇ, ਇੱਕ ਵਿਅਕਤੀ ਨੇ ਆਪਣੇ ਅੱਠ ਰਿਸ਼ਤੇਦਾਰਾਂ ਨੂੰ ਮਾਰ ਦਿੱਤਾ ਅਤੇ ਫਿਰ ਖੁਦਕੁਸ਼ੀ ਕਰ ਲਈ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਪਰਿਵਾਰ ਇਕੱਠੇ ਰਾਤ ਦਾ ਖਾਣਾ ਖਾ ਰਿਹਾ ਸੀ। ਸਾਰਿਆਂ ਨੂੰ ਗੋਲੀ ਮਾਰਨ ਤੋਂ ਬਾਅਦ, ਦੋਸ਼ੀ ਨੇ ਘਰ ਨੂੰ ਅੱਗ ਲਗਾ ਦਿੱਤੀ ਅਤੇ ਫਿਰ ਆਪਣੇ ਆਪ ਨੂੰ ਗੋਲੀ ਮਾਰ ਲਈ। ਦੋਸ਼ੀ ਤੋਂ ਇਲਾਵਾ, ਮ੍ਰਿਤਕ ਇੱਕੋ ਪਰਿਵਾਰ ਦੀਆਂ ਚਾਰ ਪੀੜ੍ਹੀਆਂ ਨਾਲ ਸਬੰਧਤ ਸੀ। ਪੀੜਤਾਂ ਵਿੱਚ ਚਾਰ ਬੱਚੇ ਵੀ ਸ਼ਾਮਲ ਸਨ। ਪੁਲਿਸ ਦੇ ਅਨੁਸਾਰ, ਉਨ੍ਹਾਂ ਨੂੰ ਐਤਵਾਰ ਸ਼ਾਮ 6 ਵਜੇ ਦੇ ਕਰੀਬ ਘਰ ਵਿੱਚ ਗੋਲੀਬਾਰੀ ਦੀ ਰਿਪੋਰਟ ਮਿਲੀ। ਜਦੋਂ ਪੁਲਿਸ ਮੌਕੇ 'ਤੇ ਪਹੁੰਚੀ, ਤਾਂ ਘਰ ਦੇ ਪਿਛਲੇ ਪਾਸੇ ਤੋਂ ਗੋਲੀਆਂ ਦੀ ਆਵਾਜ਼ ਆ ਰਹੀ ਸੀ। ਘਰ ਦੇ ਬਾਹਰ ਇੱਕ ਜ਼ਖਮੀ ਵਿਅਕਤੀ ਮਿਲਿਆ, ਉਸਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਨੇ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਦਮ ਤੋੜ ਦਿੱਤਾ। ਪੁਲਿਸ ਦੇ ਅਨੁਸਾਰ ਕਤਲ ਦੇ ਪਿੱਛੇ ਦਾ ਮਕਸਦ ਅਜੇ ਤੱਕ ਸਾਹਮਣੇ ਨਹੀਂ ਆਇਆ ਹੈ। ਅੱਗ ਲੱਗਣ ਦੇ ਕਾਰਨਾਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ।




# ਸਤੰਬਰ 2026 ਦੇ ਵੀਜ਼ਾ ਬੁਲੇਟਿਨ ਵਿਚ ਭਾਰਤੀਆਂ ਦੀਆਂ ਈਬੀ-1 ਤੋਂ ਈਬੀ-5 ਤੱਕ ਗ੍ਰੀਨ ਕਾਰਡ ਸ਼੍ਰੇਣੀਆਂ ਨੂੰ ਕੋਈ ਰਾਹਤ ਨਹੀਂ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਜਾਰੀ ਸਤੰਬਰ 2026 ਦੇ ਵੀਜ਼ਾ ਬੁਲੇਟਿਨ ਵਿਚ ਭਾਰਤੀ ਰੁਜ਼ਗਾਰ-ਆਧਾਰਿਤ ਗ੍ਰੀਨ ਕਾਰਡ ਬਿਨੈਕਾਰਾਂ ਨੂੰ ਕੋਈ ਵੱਡੀ ਰਾਹਤ ਨਹੀਂ ਮਿਲੀ। ਜ਼ਿਆਦਾਤਰ ਈਬੀ ਸ਼੍ਰੇਣੀਆਂ ਦੀਆਂ ਫਾਈਨਲ ਐਕਸ਼ਨ ਤਾਰੀਖਾਂ ਅਗਸਤ ਦੇ ਮੁਕਾਬਲੇ ਬਦਲੀਆਂ ਨਹੀਂ, ਜਦਕਿ ਈਬੀ-4 ਵਿਚ ਦੋ ਮਹੀਨਿਆਂ ਦੀ ਤਰੱਕੀ ਹੋਈ ਹੈ।

ਭਾਰਤ ਲਈ ਈਬੀ-1 ਦੀ ਫਾਈਨਲ ਐਕਸ਼ਨ ਤਾਰੀਖ 15 ਅਕਤੂਬਰ 2022 ਉੱਤੇ ਕਾਇਮ ਹੈ। ਇਸ ਵਿਚ ਉੱਚ ਯੋਗਤਾ ਵਾਲੇ ਵਿਅਕਤੀ, ਪ੍ਰਸਿੱਧ ਖੋਜਕਾਰ, ਪ੍ਰੋਫੈਸਰ ਅਤੇ ਬਹੁ-ਰਾਸ਼ਟਰੀ ਕੰਪਨੀਆਂ ਦੇ ਪ੍ਰਬੰਧਕ ਸ਼ਾਮਲ ਹੁੰਦੇ ਹਨ। ਵਿਭਾਗ ਨੇ ਚਿਤਾਵਨੀ ਦਿੱਤੀ ਹੈ ਕਿ ਵਧੀ ਮੰਗ ਕਾਰਨ ਵਿੱਤੀ ਸਾਲ ਖ਼ਤਮ ਹੋਣ ਤੋਂ ਪਹਿਲਾਂ ਭਾਰਤ ਦੀ ਈਬੀ-1 ਸ਼੍ਰੇਣੀ ਅਸਥਾਈ ਤੌਰ 'ਤੇ ਬੰਦ ਵੀ ਹੋ ਸਕਦੀ ਹੈ।

ਈਬੀ-2 ਭਾਰਤ ਦੀ ਫਾਈਨਲ ਐਕਸ਼ਨ ਸਥਿਤੀ "ਯੂ" ਅਰਥਾਤ ਅਣਉਪਲਬਧ ਹੈ। ਇਸਦਾ ਮਤਲਬ ਸਤੰਬਰ ਦੌਰਾਨ ਇਸ ਸ਼੍ਰੇਣੀ ਵਿਚ ਨਵੇਂ ਗ੍ਰੀਨ ਕਾਰਡ ਨੰਬਰ ਜਾਰੀ ਨਹੀਂ ਕੀਤੇ ਜਾਣਗੇ। ਹਾਲਾਂਕਿ ਇਸਦੀ ਡੇਟ ਫਾਰ ਫਾਈਲਿੰਗ 15 ਜਨਵਰੀ 2015 ਹੈ। ਈਬੀ-3 ਸਕਿਲਡ ਵਰਕਰ ਅਤੇ ਪ੍ਰੋਫੈਸ਼ਨਲ ਸ਼੍ਰੇਣੀ ਦੀ ਫਾਈਨਲ ਐਕਸ਼ਨ ਤਾਰੀਖ 1 ਜਨਵਰੀ 2014 ਅਤੇ ਡੇਟ ਫਾਰ ਫਾਈਲਿੰਗ 15 ਜਨਵਰੀ 2015 ਉੱਤੇ ਕਾਇਮ ਹੈ। ਈਬੀ-3 ਅਦਰ ਵਰਕਰਜ਼ ਦੀਆਂ ਤਾਰੀਖਾਂ ਵੀ ਇਹੀ ਹਨ।




ਈਬੀ-4 ਸਪੈਸ਼ਲ ਇਮੀਗ੍ਰੈਂਟ ਅਤੇ ਧਾਰਮਿਕ ਕਰਮਚਾਰੀ ਸ਼੍ਰੇਣੀ ਦੀ ਫਾਈਨਲ ਐਕਸ਼ਨ ਤਾਰੀਖ 15 ਅਕਤੂਬਰ 2022 ਤੋਂ ਅੱਗੇ ਵਧ ਕੇ 15 ਦਸੰਬਰ 2022 ਹੋ ਗਈ ਹੈ। ਡੇਟ ਫਾਰ ਫਾਈਲਿੰਗ 1 ਜਨਵਰੀ 2023 ਹੈ।

ਭਾਰਤ ਦੀ ਈਬੀ-5 ਅਨਰਿਜ਼ਰਵਡ ਨਿਵੇਸ਼ਕ ਸ਼੍ਰੇਣੀ ਵੀ "ਯੂ" ਅਰਥਾਤ ਅਣਉਪਲਬਧ ਹੈ, ਪਰ ਇਸਦੀ ਡੇਟ ਫਾਰ ਫਾਈਲਿੰਗ 1 ਮਈ 2024 ਹੈ। ਦੂਜੇ ਪਾਸੇ ਪੇਂਡੂ ਖੇਤਰ, ਵੱਧ ਬੇਰੁਜ਼ਗਾਰੀ ਵਾਲੇ ਖੇਤਰ ਅਤੇ ਬੁਨਿਆਦੀ ਢਾਂਚੇ ਨਾਲ ਸਬੰਧਿਤ ਈਬੀ-5 ਰਿਜ਼ਰਵਡ ਸ਼੍ਰੇਣੀਆਂ ਪੂਰੀ ਤਰ੍ਹਾਂ ਕਰੰਟ ਹਨ। ਨਵਾਂ ਵਿੱਤੀ ਸਾਲ 1 ਅਕਤੂਬਰ ਤੋਂ ਸ਼ੁਰੂ ਹੋਵੇਗਾ, ਜਿਸ ਤੋਂ ਬਾਅਦ ਨਵੇਂ ਵੀਜ਼ਾ ਨੰਬਰ ਉਪਲਬਧ ਹੋਣਗੇ, ਪਰ ਤਾਰੀਖਾਂ ਅੱਗੇ ਵਧਣ ਦੀ ਕੋਈ ਗਾਰੰਟੀ ਨਹੀਂ ਹੈ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511



RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com
www.thepalfilms.com

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



Apply online at www.lendingassets.com and check out the live lowest rates on our website


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
CUSTOMER SERVICE
For more information call
Boota Singh Basi +1 (209) 303-1260

www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਰੱਖੜੀ ਦੀ ਡੋਰ-ਵੱਡੀ ਭੈਣ ਦੇ ਪਿਆਰ ਦੀ ਉਹ ਗੰਢ, ਜੋ ਉਮਰ ਨਾਲ ਨਹੀਂ ਖੁੱਲ੍ਹਦੀ




ਰੱਖੜੀ ਦਾ ਤਿਉਹਾਰ ਆਉਂਦੇ ਹੀ ਭੈਣ-ਭਰਾ ਦੇ ਇਸ ਪਵਿੱਤਰ ਰਿਸ਼ਤੇ ਦੀਆਂ ਅਨੇਕਾਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ। ਕਲਾਈ 'ਤੇ ਬੱਝਣ ਵਾਲਾ ਨਿੱਕਾ ਜਿਹਾ ਧਾਗਾ ਅਸਲ ਵਿੱਚ ਸਿਰਫ਼ ਧਾਗਾ ਨਹੀਂ ਹੁੰਦਾ। ਇਸ ਵਿੱਚ ਬਚਪਨ ਦੀਆਂ ਯਾਦਾਂ, ਭੈਣ ਦੀਆਂ ਦੁਆਵਾਂ, ਭਰਾ ਦੀ ਖੁਸ਼ੀ ਅਤੇ ਸਾਲਾਂ ਪੁਰਾਣੇ ਪਿਆਰ ਦੀਆਂ ਅਣਗਿਣਤ ਪਰਤਾਂ ਬੱਝੀਆਂ ਹੁੰਦੀਆਂ ਹਨ। ਵੱਡੀ ਭੈਣ ਉਹ ਹੁੰਦੀ ਹੈ, ਜਿਸ ਦੀ ਗੋਦ ਵਿੱਚ ਬਚਪਨ ਨੇ ਮਾਂ ਤੋਂ ਬਾਅਦ ਸਭ ਤੋਂ ਪਹਿਲਾਂ ਪਿਆਰ ਅਤੇ ਸੁਰੱਖਿਆ ਮਹਿਸੂਸ ਕੀਤੀ ਹੁੰਦੀ ਹੈ। ਉਹ ਕਦੇ ਮਾਂ ਵਾਂਗ ਡਾਂਟਦੀ ਹੈ, ਕਦੇ ਸਹੇਲੀ ਵਾਂਗ ਹੱਸਦੀ ਹੈ ਅਤੇ ਕਦੇ ਚੁੱਪਚਾਪ ਆਪਣੇ ਛੋਟੇ ਭੈਣ-ਭਰਾਵਾਂ ਲਈ ਦੁਆ ਕਰਦੀ ਹੈ। ਆਪਣੀਆਂ ਖੁਸ਼ੀਆਂ ਪਿੱਛੇ ਰੱਖ ਕੇ ਛੋਟਿਆਂ ਦੀਆਂ ਖੁਸ਼ੀਆਂ ਅੱਗੇ ਕਰ ਦੇਣਾ ਜਿਵੇਂ ਉਸ ਦੀ ਫ਼ਿਤਰਤ ਬਣ ਜਾਂਦੀ ਹੈ।

ਬਚਪਨ ਵਿੱਚ ਘਰ ਮਿਠਾਈ ਆਉਂਦੀ ਤਾਂ ਉਹ ਆਪਣਾ ਹਿੱਸਾ ਵੀ ਛੋਟੇ ਭਰਾ ਲਈ ਬਚਾ ਲੈਂਦੀ। ਨਵਾਂ ਸੂਟ ਮਿਲਦਾ ਤਾਂ ਖੁਸ਼ੀ ਇਸ ਗੱਲ ਦੀ ਹੁੰਦੀ ਕਿ ਛੋਟੇ ਭੈਣ-ਭਰਾ ਵੀ ਤਿਉਹਾਰ 'ਤੇ ਸੋਹਣੇ ਲੱਗਣ। ਸਮਾਂ ਬੀਤ ਜਾਂਦਾ ਹੈ, ਬੱਚੇ ਵੱਡੇ ਹੋ ਜਾਂਦੇ ਹਨ, ਘਰ ਵੱਖਰੇ ਹੋ ਜਾਂਦੇ ਹਨ, ਪਰ ਵੱਡੀ ਭੈਣ ਦੀ ਚਿੰਤਾ ਨਹੀਂ ਬਦਲਦੀ। ਦੂਰ ਬੈਠੀ ਵੀ ਫ਼ੋਨ 'ਤੇ ਸਭ ਤੋਂ ਪਹਿਲਾਂ ਇਹੀ ਪੁੱਛਦੀ ਹੈ"ਸਭ ਠੀਕ ਹੈ ਨਾ?"

ਇਹੀ ਤਾਂ ਰੱਖੜੀ ਦੀ ਅਸਲ ਰੂਹ ਹੈ। ਪਰ ਰੱਖੜੀ ਸਿਰਫ਼ ਪਿਆਰ ਅਤੇ ਯਾਦਾਂ ਦਾ ਤਿਉਹਾਰ ਨਹੀਂ; ਇਹ ਸਾਨੂੰ ਰਿਸ਼ਤਿਆਂ ਪ੍ਰਤੀ ਆਪਣੀ ਜ਼ਿੰਮੇਵਾਰੀ ਯਾਦ ਕਰਵਾਉਣ ਦਾ ਦਿਨ ਵੀ ਹੈ। ਖ਼ਾਸ ਕਰਕੇ ਉਸ ਵੇਲੇ, ਜਦੋਂ ਮਾਪਿਆਂ ਦੇ ਚਲੇ ਜਾਣ ਤੋਂ ਬਾਅਦ ਜਾਇਦਾਦ ਦੇ ਹੱਕ ਰਿਸ਼ਤਿਆਂ ਦੀ ਪਰਖ ਬਣ ਜਾਂਦੇ ਹਨ।

ਕਈ ਵਾਰ ਉਹੀ ਭਰਾ-ਭੈਣ, ਜਿਨ੍ਹਾਂ ਦੀਆਂ ਕਲਾਈਆਂ 'ਤੇ ਕਦੇ ਪਿਆਰ ਦੀ ਰੱਖੜੀ ਬੱਝੀ ਹੁੰਦੀ ਹੈ, ਜਾਇਦਾਦ ਦੇ ਕਾਗਜ਼ਾਂ ਅਤੇ ਹਿੱਸਿਆਂ ਦੇ ਵਿਵਾਦਾਂ ਵਿੱਚ ਉਲਝ ਜਾਂਦੇ ਹਨ। ਕਈ ਵੱਡੀਆਂ ਭੈਣਾਂ, ਜਿਨ੍ਹਾਂ ਨੇ ਕਦੇ ਮਾਂ ਬਣ ਕੇ ਛੋਟੇ ਭਰਾਵਾਂ ਨੂੰ ਪਾਲਿਆ ਹੁੰਦਾ ਹੈ, ਆਪਣੇ ਹੱਕ ਲਈ ਅਦਾਲਤਾਂ ਦੇ ਚੱਕਰ ਲਾਉਣ ਲਈ ਮਜਬੂਰ ਹੋ ਜਾਂਦੀਆਂ ਹਨ। ਭੈਣ ਨੂੰ ਉਸ ਦਾ ਹੱਕ ਦੇਣਾ ਕੋਈ ਅਹਿਸਾਨ ਨਹੀਂ, ਸਗੋਂ ਉਸ ਦੇ ਹੱਕ ਦੀ ਇੱਜ਼ਤ ਹੈ। ਪਿਆਰ ਤਦੋਂ ਹੀ ਪੂਰਾ ਹੁੰਦਾ ਹੈ, ਜਦੋਂ ਉਸ ਵਿੱਚ ਹੱਕ ਅਤੇ ਸਨਮਾਨ ਦੋਵੇਂ ਸ਼ਾਮਲ ਹੋਣ।

ਇਸੇ ਸੰਦਰਭ ਵਿੱਚ ਰੱਖੜੀ ਨਾਲ ਜੁੜਿਆ ਇੱਕ ਅਜਿਹਾ ਵਾਕਿਆ ਯਾਦ ਆਉਂਦਾ ਹੈ, ਜਿਸ ਨੇ ਮੈਨੂੰ ਇਹ ਸੋਚਣ ਲਈ ਮਜਬੂਰ ਕੀਤਾ ਕਿ ਭੈਣ-ਭਰਾ ਦਾ ਰਿਸ਼ਤਾ ਕਿੰਨਾ ਪਵਿੱਤਰ ਹੋ ਸਕਦਾ ਹੈ।

ਮੇਰੇ ਇੱਕ ਦੋਸਤ ਦੀ ਧਰਮ ਪਤਨੀ ਦੇ ਪਿਤਾ ਦਾ ਦਿਹਾਂਤ ਰੱਖੜੀ ਤੋਂ ਕੁਝ ਦਿਨ ਪਹਿਲਾਂ ਹੋ ਗਿਆ। ਉਨ੍ਹਾਂ ਦੇ ਪਰਿਵਾਰ ਵਿੱਚ ਚਾਰ ਭਰਾ ਅਤੇ ਦੋ ਭੈਣਾਂ ਸਨ। ਚਾਰੇ ਭਰਾ ਪੰਜਾਬ ਦੇ ਗੁਆਂਢੀ ਰਾਜ ਵਿੱਚ ਰਹਿੰਦੇ ਸਨ ਅਤੇ ਆਪਣੇ-ਆਪਣੇ ਕਾਰੋਬਾਰ ਵਿੱਚ ਸਫ਼ਲ ਤੇ ਖੁਸ਼ਹਾਲ ਸਨ। ਉਨ੍ਹਾਂ ਦੇ ਪਿਤਾ ਬੜੇ ਮਿਹਨਤੀ ਅਤੇ ਦੂਰਅੰਦੇਸ਼ ਇਨਸਾਨ ਸਨ। ਆਪਣੀ ਮਿਹਨਤ ਅਤੇ ਇਮਾਨਦਾਰੀ ਨਾਲ ਉਨ੍ਹਾਂ ਨੇ ਕਾਫ਼ੀ ਜਾਇਦਾਦ ਬਣਾਈ ਸੀ।

ਪਿਤਾ ਦੇ ਦਿਹਾਂਤ ਤੋਂ ਬਾਅਦ ਘਰ ਵਿੱਚ ਸੋਗ ਦਾ ਮਾਹੌਲ ਸੀ। ਰਸਮਾਂ-ਰਿਵਾਜ ਪੂਰੇ ਹੋਏ ਤਾਂ ਕੁਝ ਦਿਨਾਂ ਬਾਅਦ ਰੱਖੜੀ ਦਾ ਤਿਉਹਾਰ ਨੇੜੇ ਆ ਗਿਆ।

ਇਸ ਵਾਰ ਰੱਖੜੀ ਦੋਵਾਂ ਭੈਣਾਂ ਲਈ ਹੋਰ ਵੀ ਭਾਵੁਕ ਸੀ। ਮਾਂ ਪਹਿਲਾਂ ਹੀ ਅੱਲਾ ਨੂੰ ਤਿਆਰੀ ਹੋ ਗਈ ਸੀ, ਪਿਤਾ ਦਾ ਸਾਇਆ ਸਿਰ ਤੋਂ ਉੱਠ ਚੁੱਕਾ ਸੀ। ਜਿਸ ਪੇਕੇ ਘਰ ਵਿੱਚ ਮਾਤਾ-ਪਿਤਾ ਦੀ ਮੌਜੂਦਗੀ ਉਨ੍ਹਾਂ ਨੂੰ ਆਪਣਾਪਣ ਦਾ ਅਹਿਸਾਸ ਦਿੰਦੀ ਸੀ, ਹੁਣ ਉੱਥੇ ਉਨ੍ਹਾਂ ਦੀਆਂ ਯਾਦਾਂ ਹੀ ਬਚੀਆਂ ਸਨ।

ਪਰ ਚਾਰਾਂ ਭਰਾਵਾਂ ਨੇ ਆਪਣੀਆਂ ਭੈਣਾਂ ਨੂੰ ਫ਼ੋਨ ਕਰਕੇ ਕਿਹਾ"ਤੁਸੀਂ ਹਰ ਸਾਲ ਰੱਖੜੀ ਬੰਨ੍ਹਣ ਆਉਂਦੀਆਂ ਹੋ। ਇਸ ਵਾਰ ਵੀ ਜ਼ਰੂਰ ਆਉਣਾ। ਪਿਤਾ ਜੀ ਨਹੀਂ ਰਹੇ, ਪਰ ਅਸੀਂ ਸਾਰੇ ਤੁਹਾਡੀ ਉਡੀਕ ਕਰਾਂਗੇ। "ਰੱਖੜੀ ਵਾਲੇ ਦਿਨ ਦੋਵੇਂ ਭੈਣਾਂ ਆਪਣੇ ਪੇਕੇ ਘਰ ਪਹੁੰਚ ਗਈਆਂ। ਰੱਖੜੀ ਬੰਨ੍ਹਣ ਦੀ ਰਸਮ ਪੂਰੀ ਹੋਈ ਤਾਂ ਚਾਰਾਂ ਭਰਾਵਾਂ ਨੇ ਉਨ੍ਹਾਂ ਨੂੰ ਆਪਣੇ ਕੋਲ ਬਿਠਾਇਆ।

ਇੱਕ ਭਰਾ ਨੇ ਕਿਹਾ

"ਪਿਤਾ ਜੀ ਦੀ ਜਾਇਦਾਦ ਵਿੱਚ ਤੁਹਾਡਾ ਵੀ ਹਿੱਸਾ ਹੈ।"

ਭੈਣਾਂ ਨੇ ਤੁਰੰਤ ਕਿਹਾ

"ਨਹੀਂ ਵੀਰ, ਸਾਨੂੰ ਕੁਝ ਨਹੀਂ ਚਾਹੀਦਾ। ਤੁਸੀਂ ਹੀ ਸੰਭਾਲੋ। ਸਾਡੇ ਲਈ ਤਾਂ ਤੁਹਾਡਾ ਪਿਆਰ ਹੀ ਸਭ ਤੋਂ ਵੱਡੀ ਦੌਲਤ ਹੈ।"

ਪਰ ਭਰਾਵਾਂ ਨੇ ਪਿਆਰ ਨਾਲ ਉਨ੍ਹਾਂ ਦੀ ਗੱਲ ਟਾਲ ਦਿੱਤੀ।

ਉਨ੍ਹਾਂ ਕਿਹਾ "ਇਹ ਤੁਹਾਡੇ ਲਈ ਸਾਡਾ ਤੋਹਫ਼ਾ ਨਹੀਂ, ਤੁਹਾਡਾ ਹੱਕ ਹੈ। ਪਿਤਾ ਜੀ ਨੇ ਜੋ ਕੁਝ ਬਣਾਇਆ, ਉਹ ਸਿਰਫ਼ ਸਾਡੇ ਲਈ ਨਹੀਂ ਸੀ। ਤੁਸੀਂ ਵੀ ਉਨ੍ਹਾਂ ਦੀਆਂ ਧੀਆਂ ਹੋ। ਤੁਹਾਡਾ ਹਿੱਸਾ ਤੁਹਾਡੇ ਕੋਲ ਰਹਿਣਾ ਚਾਹੀਦਾ ਹੈ।"

ਫਿਰ ਉਨ੍ਹਾਂ ਨੇ ਦੱਸਿਆ ਕਿ ਉਹ ਦੋਵਾਂ ਭੈਣਾਂ ਦੇ ਨਾਮ ਇੱਕ-ਇੱਕ ਦੁਕਾਨ ਅਤੇ ਦਸ-ਦਸ ਮਰਲੇ ਦੇ ਪਲਾਟ ਕਰਵਾਉਣਾ ਚਾਹੁੰਦੇ ਹਨ। ਭੈਣਾਂ ਦੀਆਂ ਅੱਖਾਂ ਭਰ ਆਈਆਂ। ਉਨ੍ਹਾਂ ਨੇ ਬਹੁਤ ਨਾਂਹ ਕੀਤੀ, ਪਰ ਭਰਾ ਆਪਣੀ ਗੱਲ 'ਤੇ ਬਜਿੱਦ ਰਹੇ।

ਉਨ੍ਹਾਂ ਦਾ ਜਵਾਬ ਸੀ "ਭੈਣ ਦਾ ਹੱਕ ਭਰਾ ਦੀ ਮਰਜ਼ੀ 'ਤੇ ਨਹੀਂ ਹੁੰਦਾ। ਹੱਕ ਤਾਂ ਹੱਕ ਹੁੰਦਾ ਹੈ। ਅਸੀਂ ਪਿਤਾ ਜੀ ਦੀ ਵਿਰਾਸਤ ਨੂੰ ਸਿਰਫ਼ ਆਪਣੇ ਨਾਮ ਨਹੀਂ ਕਰਨਾ ਚਾਹੁੰਦੇ। ਅਸੀਂ ਚਾਹੁੰਦੇ ਹਾਂ ਕਿ ਪਿਤਾ ਜੀ ਦੀਆਂ ਯਾਦਾਂ ਤੁਹਾਡੇ ਘਰਾਂ ਵਿੱਚ ਵੀ ਮਹਿਕਦੀਆਂ ਰਹਿਣ, ਜਿਉਂਦੀਆਂ ਰਹਿਣ।"

ਅੰਤ ਵਿੱਚ ਦੋਵਾਂ ਭੈਣਾਂ ਦੇ ਨਾਮ ਦੁਕਾਨਾਂ ਅਤੇ ਪਲਾਟ ਕਰ ਦਿੱਤੇ ਗਏ।

ਉਸ ਜਾਇਦਾਦ ਦੀ ਕੀਮਤ ਭਾਵੇਂ ਲੱਖਾਂ-ਕਰੋੜਾਂ ਵਿੱਚ ਹੋਵੇ, ਪਰ ਉਸ ਦਿਨ ਉਸ ਦੀ ਅਸਲ ਕੀਮਤ ਪੈਸਿਆਂ ਵਿੱਚ ਨਹੀਂ ਸੀ। ਉਸ ਦੀ ਕੀਮਤ ਉਸ ਭਾਵਨਾ ਵਿੱਚ ਸੀ, ਜਿਸ ਨਾਲ ਚਾਰਾਂ ਭਰਾਵਾਂ ਨੇ ਆਪਣੀਆਂ ਭੈਣਾਂ ਨੂੰ ਕਿਹਾ ਸੀ "ਇਹ ਤੁਹਾਡਾ ਹੱਕ ਹੈ।"

ਸ਼ਾਇਦ ਇਸੇ ਨੂੰ ਰੱਖੜੀ ਦੀ ਅਸਲ ਲਾਜ ਰੱਖਣਾ ਕਹਿੰਦੇ ਹਨ। ਅੱਜ ਜਦੋਂ ਰੱਖੜੀ ਦਾ ਤਿਉਹਾਰ ਅਕਸਰ ਤੋਹਫ਼ਿਆਂ, ਮਿਠਾਈਆਂ ਅਤੇ ਰਸਮਾਂ ਤੱਕ ਸੀਮਤ ਹੁੰਦਾ ਜਾ ਰਿਹਾ ਹੈ, ਇਹ ਘਟਨਾ ਸਾਨੂੰ ਇੱਕ ਵੱਡਾ ਸਬਕ ਦਿੰਦੀ ਹੈ ਰੱਖੜੀ ਦਾ ਧਾਗਾ ਸਿਰਫ਼ ਭਰਾ ਦੀ ਕਲਾਈ 'ਤੇ ਨਹੀਂ, ਉਸ ਦੇ ਜ਼ਮੀਰ 'ਤੇ ਵੀ ਬੱਝਣਾ ਚਾਹੀਦਾ ਹੈ।

ਭੈਣ ਨੂੰ ਤੋਹਫ਼ਾ ਦੇਣਾ ਚੰਗੀ ਗੱਲ ਹੈ, ਪਰ ਉਸ ਦੇ ਹੱਕ ਦੀ ਰੱਖਿਆ ਕਰਨਾ ਉਸ ਤੋਂ ਕਿਤੇ ਵੱਡੀ ਗੱਲ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਾਵਨ ਸਿੱਖਿਆ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ ਇਸ ਦਾ ਭਾਵ ਹੈ, ਹੇ ਨਾਨਕ ! ਪਰਾਇਆ ਹੱਕ ਮੁਸਲਮਾਨ ਲਈ ਸੂਰ ਹੈ ਤੇ ਹਿੰਦੂ ਲਈ ਗਾਂ ਹੈ।

ਇੱਥੇ ਹੀ ਬਸ ਨਹੀ ਮੇਰੇ ਦਿਲ ਦੇ ਦਰਵਾਜ਼ੇ 'ਤੇ ਵੀ ਰੱਖੜੀ ਨਾਲ ਜੁੜੀ ਇੱਕ ਅਜਿਹੀ ਯਾਦ ਅੱਜ ਤੱਕ ਦਸਤਕ ਦਿੰਦੀ ਹੈ, ਜੋ ਸਮੇਂ ਦੇ ਬੀਤਣ ਨਾਲ ਹੋਰ ਗਹਿਰੀ ਹੋ ਗਈ ਹੈ। ਮੇਰੇ ਵੱਡੇ ਭਰਾ ਸਵਰਗਵਾਸੀ ਗਿਆਨੀ ਭੁਪਿੰਦਰ ਸਿੰਘ ਸਰਕਾਰੀ ਸਕੂਲ ਵਿੱਚ ਪੰਜਾਬੀ ਅਧਿਆਪਕ ਸਨ। ਰੱਖੜੀ ਤੋਂ ਕਈ ਦਿਨ ਪਹਿਲਾਂ ਹੀ ਉਹ ਇੱਕ ਛੋਟੇ ਬੱਚੇ ਵਾਂਗ ਉਤਸੁਕ ਹੋ ਜਾਂਦੇ ਸਨ। ਉਨ੍ਹਾਂ ਦੀਆਂ ਨਜ਼ਰਾਂ ਆਪਣੀ ਵੱਡੀ ਭੈਣ ਕੁਲਵੰਤ ਕੌਰ ਦੀ ਉਡੀਕ ਕਰਦੀਆਂ ਰਹਿੰਦੀਆਂ। ਉਹ ਵਾਰ-ਵਾਰ ਪੁੱਛਦੇ

"ਮੇਰੀ ਭੈਣ ਕਦੋਂ ਆਵੇਗੀ? ਕਦੋਂ ਮੇਰੇ ਗੁੱਟ 'ਤੇ ਰੱਖੜੀ ਬੰਨ੍ਹੇਗੀ?"

ਉਨ੍ਹਾਂ ਲਈ ਰੱਖੜੀ ਸਿਰਫ਼ ਇੱਕ ਧਾਗਾ ਨਹੀਂ ਸੀ। ਉਹ ਵੱਡੀ ਭੈਣ ਦੀਆਂ ਅਸੀਸਾਂ ਅਤੇ ਪਿਆਰ ਦਾ ਪ੍ਰਤੀਕ ਸੀ। ਜੇ ਭੈਣ ਨੂੰ ਆਉਣ ਵਿੱਚ ਥੋੜ੍ਹੀ ਦੇਰ ਹੋ ਜਾਂਦੀ ਤਾਂ ਉਹ ਖ਼ੁਦ ਆਪਣੀ ਕਾਰ ਕੱਢ ਲੈਂਦੇ ਅਤੇ ਪਰਿਵਾਰ ਸਮੇਤ ਭੈਣ ਦੇ ਘਰ ਪਹੁੰਚ ਜਾਂਦੇ। ਜਦੋਂ ਭੈਣ ਉਨ੍ਹਾਂ ਦੇ ਗੁੱਟ 'ਤੇ ਰੱਖੜੀ ਬੰਨ੍ਹਦੀ ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚ ਖਿੜਦੀ ਖੁਸ਼ੀ ਕਿਸੇ ਸ਼ਬਦ ਦੀ ਮੁਹਤਾਜ ਨਹੀਂ ਹੁੰਦੀ ਸੀ।

ਕਦੇ ਕੋਈ ਮਜ਼ਾਕ ਵਿੱਚ ਕਹਿ ਦਿੰਦਾ "ਲਓ ਜੀ, ਮੈਂ ਹੀ ਰੱਖੜੀ ਬੰਨ੍ਹ ਦਿੰਦੀ ਹਾਂ।" ਉਹ ਹੱਸ ਕੇ, ਪਰ ਪੂਰੀ ਸ਼ਰਧਾ ਨਾਲ ਕਹਿੰਦੇ "ਨਹੀਂ, ਇਹ ਗੁੱਟ ਤਾਂ ਕੇਵਲ ਮੇਰੀ ਭੈਣ ਦਾ ਹੈ।" ਅੱਜ ਉਹ ਭਰਾ ਇਸ ਦੁਨੀਆ ਵਿੱਚ ਨਹੀਂ। ਪਰ ਰੱਖੜੀ ਆਉਂਦੀ ਹੈ ਤਾਂ ਉਸ ਦੀ ਯਾਦ ਮੁੜ ਘਰ ਦੇ ਦਰਵਾਜ਼ੇ 'ਤੇ ਆ ਖੜ੍ਹੀ ਹੁੰਦੀ ਹੈ। ਵੱਡੀ ਭੈਣ ਕੁਲਵੰਤ ਕੌਰ ਦੀਆਂ ਅੱਖਾਂ ਆਪਣੇ ਛੋਟੇ ਭਰਾ ਦੀ ਯਾਦ ਵਿੱਚ ਭਰ ਆਉਂਦੀਆਂ ਹਨ, ਉਹ ਅਕਸਰ ਸ਼ਾਹ ਮੁਹੰਮਦ ਸਾਹਿਬ ਦੀਆਂ ਇਹ ਸਤਰਾਂ ਦੁਹਰਾਉਂਦੇ ਹਨ ਭਾਈਆਂ ਬਾਜ੍ਹ ਮੁਹੰਮਦਾ ਜੀਉਣ ਕੋਈ ਨਾ, ਭਾਵੇਂ ਪਿੱਛੇ ਕਬੀਲੇ ਦੀ ਜੰਜ ਹੋਵੇ। ਇਹ ਸਤਰਾਂ ਸੁਣਦਿਆਂ ਮਹਿਸੂਸ ਹੁੰਦਾ ਹੈ ਕਿ ਰੱਖੜੀ ਦਾ ਤਿਉਹਾਰ ਖੁਸ਼ੀ ਅਤੇ ਵਿਛੋੜੇ ਦੋਵਾਂ ਨੂੰ ਆਪਣੀ ਡੋਰ ਵਿੱਚ ਬੰਨ੍ਹ ਲੈਂਦਾ ਹੈ। ਕਦੇ ਕਲਾਈ 'ਤੇ ਰੱਖੜੀ ਹੁੰਦੀ ਹੈ ਅਤੇ ਕਦੇ ਉਸੇ ਰੱਖੜੀ ਦੀ ਯਾਦ ਅੱਖਾਂ ਵਿੱਚ ਹੰਝੂ ਬਣ ਕੇ ਉਤਰ ਆਉਂਦੀ ਹੈ।

ਜਿਨ੍ਹਾਂ ਦੇ ਘਰ ਭੈਣਾਂ ਨਹੀਂ ਹੁੰਦੀਆਂ, ਉਹ ਰੱਖੜੀ ਦੀ ਖ਼ਾਮੋਸ਼ੀ ਦਾ ਦਰਦ ਸ਼ਾਇਦ ਹੋਰ ਵੱਧ ਮਹਿਸੂਸ ਕਰਦੇ ਹਨ। ਤਿਉਹਾਰ ਵਾਲੇ ਦਿਨ ਜਦੋਂ ਗਲੀਆਂ ਵਿੱਚ ਭੈਣਾਂ ਦੀਆਂ ਹੱਸਦੀਆਂ ਆਵਾਜ਼ਾਂ ਸੁਣਾਈ ਦਿੰਦੀਆਂ ਹਨ, ਤਾਂ ਕਿਸੇ ਖਾਲੀ ਕਲਾਈ ਅਤੇ ਇਕੱਲੇ ਦਿਲ ਵਿੱਚੋਂ ਸ਼ਾਇਦ ਇਹੀ ਆਵਾਜ਼ ਨਿਕਲਦੀ ਹੈ

"ਕਾਸ਼! ਮੇਰੀ ਵੀ ਕੋਈ ਭੈਣ ਹੁੰਦੀ, ਜੋ ਅੱਜ ਮੇਰੀ ਕਲਾਈ 'ਤੇ ਰੱਖੜੀ ਬੰਨ੍ਹਦੀ।"

ਸਮਾਂ ਬੀਤ ਜਾਂਦਾ ਹੈ, ਲੋਕ ਦੂਰ ਚਲੇ ਜਾਂਦੇ ਹਨ, ਘਰ ਬਦਲ ਜਾਂਦੇ ਹਨ, ਪਰ ਸੱਚਾ ਭੈਣ-ਭਰਾ ਦਾ ਪਿਆਰ ਆਪਣੀ ਥਾਂ ਬਣਾਈ ਰੱਖਦਾ ਹੈ। ਕਈ ਵਾਰ ਇੱਕ ਪੁਰਾਣੀ ਤਸਵੀਰ, ਰੱਖੜੀ ਦਾ ਕੋਈ ਧਾਗਾ, ਇੱਕ ਫ਼ੋਨ ਕਾਲ ਜਾਂ ਬਚਪਨ ਦੀ ਕੋਈ ਛੋਟੀ ਜਿਹੀ ਗੱਲ ਪੂਰਾ ਬਚਪਨ ਵਾਪਸ ਲਿਆਉਂਦੀ ਹੈ। ਰੱਖੜੀ ਸਾਨੂੰ ਹਰ ਸਾਲ ਇਹ ਯਾਦ ਕਰਵਾਉਂਦੀ ਹੈ ਕਿ ਰਿਸ਼ਤੇ ਤੋਹਫ਼ਿਆਂ ਨਾਲ ਨਹੀਂ, ਸਗੋਂ ਸਮੇਂ, ਸਤਿਕਾਰ, ਭਰੋਸੇ ਅਤੇ ਹੱਕ ਦੀ ਇੱਜ਼ਤ ਨਾਲ ਜਿਉਂਦੇ ਰਹਿੰਦੇ ਹਨ। ਇਸ ਰੱਖੜੀ 'ਤੇ ਜੇ ਭਰਾ ਆਪਣੀ ਭੈਣ ਨੂੰ ਕੋਈ ਮਹਿੰਗਾ ਤੋਹਫ਼ਾ ਦੇਣ ਦੀ ਥਾਂ ਉਸ ਦੇ ਸਿਰ 'ਤੇ ਹੱਥ ਰੱਖ ਕੇ ਇਹ ਕਹਿ ਦੇਵੇ "ਤੂੰ ਹਮੇਸ਼ਾ ਮੇਰੇ ਲਈ ਮਹੱਤਵਪੂਰਨ ਰਹੇਗੀ ਤਾਂ ਸ਼ਾਇਦ ਉਸ ਤੋਂ ਵੱਡਾ ਤੋਹਫ਼ਾ ਕੋਈ ਨਹੀਂ ਅਤੇ ਜੇ ਭੈਣ ਰੱਖੜੀ ਬੰਨ੍ਹਦਿਆਂ ਭਰਾ ਲਈ ਦਿਲੋਂ ਦੁਆ ਕਰੇ "ਰੱਬ ਤੈਨੂੰ ਹਮੇਸ਼ਾ ਖੁਸ਼ ਰੱਖੇ। "ਤਾਂ ਉਸ ਧਾਗੇ ਦੀ ਕੀਮਤ ਦੁਨੀਆ ਦੀ ਕਿਸੇ ਵੀ ਦੌਲਤ ਨਾਲ ਨਹੀਂ ਤੋਲੀ ਜਾ ਸਕਦੀ ਕਿਉਂਕਿ ਰੱਖੜੀ ਦੀ ਅਸਲ ਖ਼ੂਬਸੂਰਤੀ ਕਲਾਈ 'ਤੇ ਨਹੀਂ, ਦਿਲ ਵਿੱਚ ਬੱਝੀ ਹੁੰਦੀ ਹੈ। ਭੈਣ ਦੂਰ ਹੋ ਸਕਦੀ ਹੈ, ਪਰ ਉਸ ਦੀ ਦੁਆ ਦੂਰ ਨਹੀਂ ਹੁੰਦੀ। ਭਰਾ ਇਸ ਦੁਨੀਆ ਵਿੱਚ ਨਾ ਵੀ ਰਹੇ, ਉਸ ਦੀਆਂ ਯਾਦਾਂ ਰੱਖੜੀ ਦੇ ਹਰ ਧਾਗੇ ਵਿੱਚ ਸਾਹ ਲੈਂਦੀਆਂ ਰਹਿੰਦੀਆਂ ਹਨ।

ਇਸੇ ਲਈ ਰੱਖੜੀ ਸਿਰਫ਼ ਇੱਕ ਤਿਉਹਾਰ ਨਹੀਂ, ਸਗੋਂ ਰਿਸ਼ਤਿਆਂ ਦੀ ਪਰਖ ਵੀ ਹੈ, ਇਹ ਦੇਖਣ ਦੀ ਕਿ ਅਸੀਂ ਭੈਣ ਨੂੰ ਕਿੰਨਾ ਤੋਹਫ਼ਾ ਦਿੱਤਾ ਨਹੀਂ, ਬਲਕਿ ਉਸ ਨੂੰ ਕਿੰਨਾ ਹੱਕ, ਸਤਿਕਾਰ ਅਤੇ ਆਪਣਾਪਣ ਦਿੱਤਾ। ਵੱਡੀ ਭੈਣ ਸਿਰਫ਼ ਇੱਕ ਰਿਸ਼ਤਾ ਨਹੀਂ, ਰੱਬ ਦੀ ਰਹਿਮਤ ਹੈ; ਅਤੇ ਰੱਖੜੀ ਸਿਰਫ਼ ਇੱਕ ਧਾਗਾ ਨਹੀਂ, ਉਸ ਰਹਿਮਤ ਨੂੰ ਹਰ ਸਾਲ ਦਿਲ ਨਾਲ ਯਾਦ ਕਰਨ ਦਾ ਪਵਿੱਤਰ ਦਿਨ ਹੈ।

ਸ਼ਾਇਦ ਇਸੇ ਕਰਕੇ ਰੱਖੜੀ ਦਾ ਸਭ ਤੋਂ ਵੱਡਾ ਤੋਹਫ਼ਾ ਕੋਈ ਮਹਿੰਗੀ ਵਸਤੂ ਨਹੀਂ

ਭੈਣ ਦੇ ਹੱਕ ਨੂੰ ਉਸ ਦੇ ਹੱਥ ਵਿੱਚ ਸਤਿਕਾਰ ਨਾਲ ਸੌਂਪ ਦੇਣਾ ਹੈ ਅਤੇ ਇਹੀ ਉਹ ਤੋਹਫ਼ਾ ਹੈ, ਜੋ ਰਿਸ਼ਤਿਆਂ ਦੀ ਲਾਜ ਵੀ ਰੱਖਦਾ ਹੈ ਅਤੇ ਪਿਤਾ ਦੀ ਵਿਰਾਸਤ ਨੂੰ ਵੀ ਸੱਚੇ ਅਰਥਾਂ ਵਿੱਚ ਜਿਉਂਦਾ ਰੱਖਦਾ ਹੈ।

**Information in Public Interest**

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148

## ਡਤਾਈਵਰ ਵੀ ਜ਼ਿੰਦਗੀ ਦੇ 2 ਸਭ ਤੋਂ ਵੱਡੇ ਦੁਸ਼ਮਣ ਕੌਣ?
## ਕਾਗਜ਼ ਤੇ ਘਾਣ ਦਾ ਇਨਵੌਇਸ!



# ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ **Traki** ਨਾਲ.

INVOICE $

### ਕਾਗਜ਼ ਸੰਭਾਲੋ
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

### ਇਨਵੌਇਸ ਬਣਾਓ
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

### ਕਮਾਈ ਵਧਾਓ
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

## ਅੱਜ ਹੀ ਸ਼ੁਰੂ ਕਰੋ!

**3 ਦਿਨ ਦਾ ਮੁਫ਼ਤ TRIAL ਮਿਲੇਗਾ!**

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨ੍ਹਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

**TRAKI**
ਡਰਾਈਵਰ ਦਾ ਅਸਲੀ ਯਾਰ.

# ਕੈਨੇਡਾ ਦੇਵੇਗਾ ਅਮਰੀਕਾ ਨੂੰ ਉਸੇ ਦੇ ਸਟਾਈਲ 'ਚ ਜਵਾਬ ਜਵਾਬੀ ਟੈਰਿਫ ਲਗਾਉਣ ਦਾ ਕੀਤਾ ਫੈਸਲਾ

ਓਟਵਾ
ਸਾਂਝੀ ਸੋਚ ਬਿਊਰੋ

ਅਮਰੀਕਾ ਅਤੇ ਕੈਨੇਡਾ ਵਿਚਾਲੇ ਵਪਾਰਕ ਟਕਰਾਅ ਹੋਰ ਤੇਜ਼ ਹੋ ਗਿਆ ਹੈ। ਕੈਨੇਡਾ ਨੇ ਅਮਰੀਕਾ ਤੋਂ ਆਉਣ ਵਾਲੇ ਕਰੀਬ 20 ਅਰਬ ਡਾਲਰ ਦੇ ਸਮਾਨ 'ਤੇ ਜਵਾਬੀ ਟੈਰਿਫ ਲਗਾਉਣ ਦਾ ਫੈਸਲਾ ਕੀਤਾ ਹੈ। ਇਸ ਤਹਿਤ ਸਟੀਲ, ਡੇਅਰੀ ਉਤਪਾਦ, ਬਿਜਲੀ ਉਪਕਰਨ, ਖੇਤੀਬਾੜੀ ਨਾਲ ਜੁੜਿਆ ਸਮਾਨ, ਫਰਨੀਚਰ, ਕੱਪੜੇ, ਮੱਛੀ, ਸਮੁੰਦਰੀ ਭੋਜਨ, ਕਾਸਮੈਟਿਕਸ ਅਤੇ ਟਾਇਲਟ ਪੇਪਰ ਸਮੇਤ 700 ਤੋਂ ਵੱਧ ਅਮਰੀਕੀ ਉਤਪਾਦਾਂ 'ਤੇ ਟੈਰਿਫ ਲਗਾਇਆ ਜਾਵੇਗਾ। ਕੁਝ ਅਮਰੀਕੀ ਸਮਾਨਾਂ 'ਤੇ 50 ਫੀਸਦੀ ਤੱਕ ਟੈਰਿਫ ਲਗਾਉਣ ਦਾ ਫੈਸਲਾ ਕੀਤਾ ਗਿਆ ਹੈ। ਕੈਨੇਡਾ ਦੇ ਵਿੱਤ ਮੰਤਰੀ ਫਰਾਂਸਵਾ-ਫਿਲਿਪ ਸ਼ੈਂਪੇਨ ਨੇ ਕਿਹਾ ਕਿ ਕੈਨੇਡਾ ਨੇ ਇਹ ਵਪਾਰਕ ਟਕਰਾਅ ਸ਼ੁਰੂ ਨਹੀਂ ਕੀਤਾ, ਪਰ ਜਦੋਂ ਆਰਥਿਕ ਸਬੰਧਾਂ ਨੂੰ ਹਥਿਆਰ ਵਜੋਂ ਵਰਤਿਆ ਜਾਂਦਾ ਹੈ ਤਾਂ ਦੇਸ਼ ਨੂੰ ਆਪਣੇ ਹਿੱਤਾਂ ਦੀ ਰੱਖਿਆ ਲਈ ਕਦਮ ਚੁੱਕਣੇ ਪੈਂਦੇ ਹਨ।

ਇਹ ਨਵੇਂ ਟੈਰਿਫ 8 ਸਤੰਬਰ ਤੋਂ ਲਾਗੂ ਹੋਣਗੇ। ਕੈਨੇਡਾ ਦਾ ਇਹ ਕਦਮ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਕੈਨੇਡੀਅਨ ਸਮਾਨ 'ਤੇ 50 ਫੀਸਦੀ ਤੱਕ ਡਿਊਟੀ ਲਗਾਉਣ ਤੋਂ ਬਾਅਦ ਸਾਹਮਣੇ



ਆਇਆ ਹੈ। ਦੋਵਾਂ ਦੇਸ਼ਾਂ ਵਿਚਾਲੇ ਵਪਾਰਕ ਗੱਲਬਾਤ ਨਾਕਾਮ ਰਹਿਣ ਤੋਂ ਬਾਅਦ ਤਣਾਅ ਹੋਰ ਵਧ ਗਿਆ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਦੋਸ਼ ਲਗਾਇਆ ਕਿ ਅਮਰੀਕਾ ਕੈਨੇਡਾ 'ਤੇ ਦਬਾਅ ਬਣਾਉਣ ਅਤੇ ਉਸਦੇ ਅਹਿਮ ਉਦਯੋਗਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਕੈਨੇਡਾ ਵੱਲੋਂ ਐਲਾਨੇ ਗਏ ਨਵੇਂ ਟੈਰਿਫਾਂ ਤਹਿਤ ਕੁਝ ਸਟੀਲ ਅਤੇ ਐਲੂਮੀਨੀਅਮ ਉਤਪਾਦਾਂ, ਫਰਨੀਚਰ ਅਤੇ ਕੱਪੜਿਆਂ 'ਤੇ 50 ਫੀਸਦੀ ਤੱਕ ਡਿਊਟੀ ਲਗਾਈ ਜਾਵੇਗੀ। ਉੱਥੇ ਹੀ ਬਿਜਲੀ ਉਪਕਰਨਾਂ, ਡੇਅਰੀ ਉਤਪਾਦਾਂ, ਪਨੀਰ, ਮੱਛੀ ਅਤੇ ਸਮੁੰਦਰੀ ਭੋਜਨ ਸਮੇਤ ਕੁਝ ਸਟੀਲ ਅਤੇ ਐਲੂਮੀਨੀਅਮ ਉਤਪਾਦਾਂ 'ਤੇ 25 ਫੀਸਦੀ ਟੈਰਿਫ ਲਗਾਇਆ ਜਾਵੇਗਾ। ਕੈਨੇਡੀਅਨ ਸਰਕਾਰ ਦਾ ਕਹਿਣਾ ਹੈ ਕਿ ਇਨ੍ਹਾਂ ਕਦਮਾਂ ਦਾ ਮਕਸਦ ਸਿਰਫ਼ ਸਰਕਾਰੀ ਖਜ਼ਾਨੇ ਲਈ ਪੈਸਾ ਇਕੱਠਾ ਕਰਨਾ ਨਹੀਂ, ਸਗੋਂ ਕੈਨੇਡੀਅਨ ਕੰਪਨੀਆਂ ਅਤੇ ਕਰਮਚਾਰੀਆਂ ਦੇ ਹਿੱਤਾਂ ਦੀ ਰੱਖਿਆ ਕਰਨਾ ਅਤੇ ਅਮਰੀਕੀ ਸਮਾਨ 'ਤੇ ਨਿਰਭਰਤਾ ਘਟਾਉਣਾ ਹੈ। ਇਸ ਦੇ ਨਾਲ ਹੀ ਵਪਾਰਕ ਵਿਵਾਦ ਤੋਂ ਪ੍ਰਭਾਵਿਤ ਕਰਮਚਾਰੀਆਂ ਅਤੇ ਕਾਰੋਬਾਰੀਆਂ ਲਈ 7.5 ਅਰਬ ਕੈਨੇਡੀਅਨ ਡਾਲਰ ਦੇ ਸਹਾਇਤਾ ਪੈਕੇਜ ਦਾ ਵੀ ਐਲਾਨ ਕੀਤਾ ਗਿਆ ਹੈ। ਸਰਕਾਰ ਮੁਤਾਬਕ, ਸਾਲ 2025 ਦੀ ਸ਼ੁਰੂਆਤ ਤੋਂ ਹੁਣ ਤੱਕ ਵਪਾਰਕ ਵਿਵਾਦ ਨਾਲ ਜੁੜੇ ਰਾਹਤ ਉਪਾਵਾਂ 'ਤੇ 30 ਅਰਬ ਕੈਨੇਡੀਅਨ ਡਾਲਰ ਤੋਂ ਵੱਧ ਦੀ ਰਕਮ ਖਰਚ ਕੀਤੀ ਜਾ ਚੁੱਕੀ ਹੈ।

# ਭਾਰਤ ਨੇ ਨੇਪਾਲ ਨੂੰ 10 ਟਨ ਰਾਹਤ ਸਮੱਗਰੀ ਅਤੇ ਜ਼ਰੂਰੀ ਦਵਾਈਆਂ ਭੇਜੀਆਂ

ਕਾਠਮੰਡੂ
ਸਾਂਝੀ ਸੋਚ ਬਿਊਰੋ

ਆਫ਼ਤਾਂ ਵਿੱਚ ਪਹਿਲੇ ਜਵਾਬ ਦੇਣ ਵਾਲੇ ਵਜੋਂ ਆਪਣੀ ਸਥਿਤੀ ਨੂੰ ਜਾਰੀ ਰੱਖਦੇ ਹੋਏ, ਭਾਰਤ ਨੇ ਬੁੱਧਵਾਰ ਨੂੰ ਹਿਮਾਲੀਅਨ ਰਾਸ਼ਟਰ ਵਿੱਚ ਆਏ ਭਿਆਨਕ ਹੜ੍ਹਾਂ ਦੇ ਮੱਦੇਨਜ਼ਰ ਨੇਪਾਲ ਨੂੰ 10 ਟਨ ਮਨੁੱਖੀ ਸਹਾਇਤਾ ਅਤੇ ਆਫ਼ਤ ਰਾਹਤ ਸਮੱਗਰੀ ਅਤੇ ਜ਼ਰੂਰੀ ਦਵਾਈਆਂ ਭੇਜੀਆਂ। ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਰਾਹਤ ਸਮੱਗਰੀ ਭੇਜਣ ਦਾ ਐਲਾਨ ਕੀਤਾ। "ਵਿਨਾਸ਼ਕਾਰੀ ਹੜ੍ਹਾਂ ਪ੍ਰਤੀ ਨੇਪਾਲ ਦੇ ਜਵਾਬ ਦਾ ਸਮਰਥਨ ਕਰਨ ਲਈ 10 ਟਨ ੍ਰਅਧ੍ਰ ਸਹਾਇਤਾ ਅਤੇ ਜ਼ਰੂਰੀ ਦਵਾਈਆਂ ਭੇਜੀਆਂ", ਓਮੰ ਨੇ ਯ 'ਤੇ ਇੱਕ ਪੋਸਟ ਵਿੱਚ ਕਿਹਾ। "ਸਾਡੇ ਵਿਚਾਰ ਮਾਰੇ ਗਏ ਪਰਿਵਾਰਾਂ ਅਤੇ ਪ੍ਰਭਾਵਿਤ ਸਾਰੇ ਲੋਕਾਂ ਨਾਲ ਹਨ। ਇਸ ਚੁਣੌਤੀ ਦਾ ਸਾਹਮਣਾ ਕਰਦੇ ਹੋਏ, ਭਾਰਤ ਨੇਪਾਲ ਅਤੇ ਇਸਦੇ ਲੋਕਾਂ ਦੇ ਨਾਲ ਖੜ੍ਹਾ ਹੈ," ਉਹਨਾਂ ਨੇ ਕਿਹਾ। ਵਿਦੇਸ਼ ਮੰਤਰਾਲੇ ਦੇ ਸੂਤਰਾਂ ਨੇ ਕਿਹਾ ਕਿ ਸੀ130ਜੇ ਜਹਾਜ਼ 10 ਟਨ ਸਮੱਗਰੀ ਲੈ ਕੇ ਜਾ ਰਿਹਾ ਹੈ ਜਿਸ ਵਿੱਚ ਅਸਥਾਈ ਆਸਰਾ, ਕੰਬਲ, ਸਫਾਈ ਕਿੱਟਾਂ, ਸੂਰਜੀ ਲੈਂਪ ਅਤੇ ਦਵਾਈਆਂ ਵਰਗੀਆਂ ਐਮਰਜੈਂਸੀ ਚੀਜ਼ਾਂ ਸ਼ਾਮਲ ਹਨ। ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਨੇਪਾਲੀ ਹਮਰੁਤਬਾ ਬਲੇਂਦਰ ਸ਼ਾਹ



ਨਾਲ ਗੱਲ ਕੀਤੀ। "ਪ੍ਰਧਾਨ ਮੰਤਰੀ ਬਲੇਂਦਰ ਸ਼ਾਹ ਨਾਲ ਗੱਲ ਕੀਤੀ ਅਤੇ ਨੇਪਾਲ ਵਿੱਚ ਹੜ੍ਹਾਂ ਕਾਰਨ ਹੋਏ ਜਾਨੀ ਨੁਕਸਾਨ 'ਤੇ ਸੰਵੇਦਨਾ ਪ੍ਰਗਟ ਕੀਤੀ। ਭਾਰਤ ਦੇ ਲੋਕ ਇਸ ਮੁਸ਼ਕਲ ਸਮੇਂ ਵਿੱਚ ਨੇਪਾਲ ਵਿੱਚ ਆਪਣੀਆਂ ਭੈਣਾਂ ਅਤੇ ਭਰਾਵਾਂ ਨਾਲ ਇੱਕਜੁੱਟਤਾ ਵਿੱਚ ਖੜ੍ਹੇ ਹਨ," ਪ੍ਰਧਾਨ ਮੰਤਰੀ ਮੋਦੀ ਨੇ ਐਕਸ 'ਤੇ ਪੋਸਟ ਕੀਤਾ। "ਭਾਰਤ ਨੇਪਾਲ ਨੂੰ ਹਰ ਸੰਭਵ ਮਾਨਵਤਾਵਾਦੀ ਸਹਾਇਤਾ ਪ੍ਰਦਾਨ ਕਰਨ ਲਈ ਤਿਆਰ ਹੈ। ਸਾਡੀਆਂ ਟੀਮਾਂ ਬਚਾਅ ਅਤੇ ਰਾਹਤ ਯਤਨਾਂ 'ਤੇ ਨੇੜਿਓਂ ਤਾਲਮੇਲ ਕਰ ਰਹੀਆਂ ਹਨ," ਉਹਨਾਂ ਨੇ ਅੱਗੇ ਕਿਹਾ। ਇਸ ਦੌਰਾਨ, ਇੱਥੇ ਨੇਪਾਲ ਦੂਤਾਵਾਸ ਦੁਆਰਾ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ: "ਇਸ ਦੁਖਾਂਤ ਦੇ ਪੈਮਾਨੇ ਅਤੇ ਕਈ ਦੇਸ਼ਾਂ ਦੇ ਵਿਦੇਸ਼ੀ ਨਾਗਰਿਕਾਂ ਸਮੇਤ ਲਾਪਤਾ ਲੋਕਾਂ ਦੀ ਗਿਣਤੀ ਨੂੰ ਦੇਖਦੇ ਹੋਏ, ਸਾਡੀ ਤੁਰੰਤ ਤਰਜੀਹ ਖੋਜ ਅਤੇ ਬਚਾਅ, ਜਾਨਾਂ ਬਚਾਉਣਾ ਅਤੇ ਪ੍ਰਭਾਵਿਤ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਨਾ ਹੈ।""ਅਸੀਂ ਸਥਿਤੀ ਦੀ ਪੁਸ਼ਟੀ ਕਰਨ ਲਈ ਕੰਮ ਕਰਦੇ ਹੋਏ, ਪ੍ਰਭਾਵਿਤ ਹਰ ਵਿਅਕਤੀ ਨੂੰ ਲੱਭਣ ਅਤੇ ਸਹਾਇਤਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਾਂ," ਇਸ ਵਿੱਚ ਅੱਗੇ ਕਿਹਾ ਗਿਆ ਹੈ। ਦੂਤਾਵਾਸ ਨੇ ਕਿਹਾ ਕਿ ਦੁਖਾਂਤ ਤੋਂ ਬਾਅਦ ਖੋਜ ਅਤੇ ਬਚਾਅ ਕਾਰਜ ਜਾਰੀ ਰਹਿਣ ਦੇ ਨਾਲ-ਨਾਲ ਹੋਰ ਅਪਡੇਟਸ ਆਉਣਗੇ। ਬੁੱਧਵਾਰ ਨੂੰ ਨੇਪਾਲ ਦੇ ਰਸੁਵਾ ਵਿੱਚ ਭੋਟੇ ਕੋਸ਼ੀ ਨਦੀ ਵਿੱਚ ਆਏ ਭਾਰੀ ਹੜ੍ਹ ਤੋਂ ਬਾਅਦ ਕਈ ਲੋਕਾਂ ਦੇ ਮਾਰੇ ਜਾਣ ਦਾ ਖਦਸ਼ਾ ਹੈ, ਅਤੇ ਸੈਂਕੜੇ ਹੋਰ ਲਾਪਤਾ ਹਨ।

# ਸਤੰਬਰ 2026 ਦੇ ਵੀਜ਼ਾ ਬੁਲੇਟਿਨ 'ਚ ਭਾਰਤੀ ਪਰਿਵਾਰਕ ਕੇਸਾਂ ਨੂੰ ਵੱਡੀ ਰਾਹਤ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਜਾਰੀ ਕੀਤੇ ਗਏ ਸਤੰਬਰ 2026 ਦੇ ਵੀਜ਼ਾ ਬੁਲੇਟਿਨ ਵਿਚ ਭਾਰਤ ਨਾਲ ਸਬੰਧਤ ਕਈ ਪਰਿਵਾਰਕ ਇਮੀਗ੍ਰੇਸ਼ਨ ਸ਼੍ਰੇਣੀਆਂ ਦੀਆਂ ਤਰੀਕਾਂ ਵਿਚ ਵੱਡਾ ਵਾਧਾ ਕੀਤਾ ਗਿਆ ਹੈ। ਖ਼ਾਸ ਤੌਰ 'ਤੇ ਐੱਫ-1, ਐੱਫ-2ਏ, ਐੱਫ-2ਬੀ ਅਤੇ ਐੱਫ-3 ਸ਼੍ਰੇਣੀਆਂ ਅਗਸਤ ਦੇ ਮੁਕਾਬਲੇ ਅੱਗੇ ਵਧੀਆਂ ਹਨ। ਦੂਜੇ ਪਾਸੇ, ਅਮਰੀਕੀ ਨਾਗਰਿਕਾਂ ਵੱਲੋਂ ਆਪਣੇ ਭੈਣ-ਭਰਾਵਾਂ ਲਈ ਦਾਇਰ ਕੀਤੀਆਂ ਐੱਫ-4 ਪਟੀਸ਼ਨਾਂ ਵਿਚ ਕੋਈ ਤਬਦੀਲੀ ਨਹੀਂ ਹੋਈ। ਐੱਫ-4 ਦੀ ਫਾਈਨਲ ਐਕਸ਼ਨ ਤਰੀਕ ਪਹਿਲੀ ਨਵੰਬਰ 2006 ਉੱਤੇ ਹੀ ਰੁਕੀ ਹੋਈ ਹੈ। ਫਾਈਨਲ ਐਕਸ਼ਨ ਤਰੀਕ ਉਹ ਹੱਦ ਹੁੰਦੀ ਹੈ, ਜਿਸ ਤੋਂ ਪਹਿਲਾਂ ਦੀ ਤਰਜੀਹੀ ਤਰੀਕ ਵਾਲੇ ਯੋਗ ਕੇਸਾਂ ਵਿਚ ਇਮੀਗ੍ਰੈਂਟ ਵੀਜ਼ਾ ਜਾਰੀ ਜਾਂ ਗ੍ਰੀਨ ਕਾਰਡ ਮਨਜ਼ੂਰ ਕੀਤਾ ਜਾ ਸਕਦਾ ਹੈ। ਭਾਰਤ ਲਈ ਐੱਫ-1 ਸ਼੍ਰੇਣੀ, ਜਿਸ ਅਧੀਨ ਅਮਰੀਕੀ ਨਾਗਰਿਕਾਂ ਦੇ 21 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਅਣਵਿਆਹੇ ਪੁੱਤਰ-ਧੀਆਂ ਆਉਂਦੇ ਹਨ, ਦੀ ਫਾਈਨਲ ਐਕਸ਼ਨ ਤਰੀਕ 22 ਜਨਵਰੀ 2020 ਹੋ ਗਈ ਹੈ। ਅਗਸਤ 2026 ਦੇ ਬੁਲੇਟਿਨ ਵਿਚ ਇਹ 15 ਦਸੰਬਰ 2018 ਸੀ। ਇਸ ਤਰ੍ਹਾਂ ਇੱਕ ਮਹੀਨੇ ਵਿਚ ਲਗਭਗ 13 ਮਹੀਨਿਆਂ ਦੀ ਤਰੱਕੀ ਹੋਈ ਹੈ। ਜਨਵਰੀ 2026 ਵਿਚ ਇਹ ਤਰੀਕ 8 ਨਵੰਬਰ 2016 ਸੀ, ਜਿਸ ਦਾ ਮਤਲਬ ਹੈ ਕਿ ਜਨਵਰੀ ਤੋਂ ਸਤੰਬਰ ਤੱਕ ਐੱਫ-1 ਲਗਭਗ ਤਿੰਨ ਸਾਲ ਦੋ ਮਹੀਨੇ ਅੱਗੇ ਵਧੀ ਹੈ।

ਐੱਫ-2ਏ ਸ਼੍ਰੇਣੀ, ਜਿਸ ਵਿਚ ਗ੍ਰੀਨ ਕਾਰਡ ਧਾਰਕਾਂ ਦੇ ਜੀਵਨ ਸਾਥੀ ਅਤੇ 21 ਸਾਲ ਤੋਂ ਘੱਟ ਉਮਰ ਦੇ ਅਣਵਿਆਹੇ ਬੱਚੇ ਆਉਂਦੇ ਹਨ, ਦੀ ਫਾਈਨਲ ਐਕਸ਼ਨ ਤਰੀਕ 22 ਅਗਸਤ 2026 ਹੋ ਗਈ ਹੈ। ਅਗਸਤ ਵਿਚ ਇਹ 22 ਜੁਲਾਈ 2026 ਸੀ, ਇਸ ਲਈ ਇੱਕ ਮਹੀਨੇ ਦੀ ਤਰੱਕੀ ਹੋਈ।

ਜਨਵਰੀ 2026 ਦੇ ਬੁਲੇਟਿਨ ਵਿਚ ਇਹ ਪਹਿਲੀ ਫਰਵਰੀ 2024 ਸੀ। ਜਨਵਰੀ ਨਾਲ ਤੁਲਨਾ ਕਰੀਏ, ਤਾਂ ਇਹ ਸ਼੍ਰੇਣੀ ਲਗਭਗ 31 ਮਹੀਨੇ ਅੱਗੇ ਪਹੁੰਚੀ ਹੈ।

ਗ੍ਰੀਨ ਕਾਰਡ ਧਾਰਕਾਂ ਦੇ 21 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਅਣਵਿਆਹੇ ਪੁੱਤਰ-ਧੀਆਂ ਵਾਲੀ ਐੱਫ-2ਬੀ ਸ਼੍ਰੇਣੀ ਦੀ ਫਾਈਨਲ ਐਕਸ਼ਨ ਤਰੀਕ 22 ਅਗਸਤ 2019 ਹੋ ਗਈ ਹੈ। ਅਗਸਤ ਵਿਚ ਇਹ ਪਹਿਲੀ ਜਨਵਰੀ 2018 ਸੀ। ਇਸ ਲਈ ਕੇਵਲ ਇੱਕ ਮਹੀਨੇ ਦੇ ਬੁਲੇਟਿਨ ਵਿਚ ਲਗਭਗ 20 ਮਹੀਨਿਆਂ ਦੀ ਵੱਡੀ ਛਾਲ ਲੱਗੀ ਹੈ। ਜਨਵਰੀ ਵਿਚ ਇਹ ਪਹਿਲੀ ਦਸੰਬਰ 2016 ਸੀ, ਜਿਸ ਮੁਤਾਬਕ ਸਤੰਬਰ ਤੱਕ ਲਗਭਗ ਦੋ ਸਾਲ ਨੌਂ ਮਹੀਨਿਆਂ ਦੀ ਤਰੱਕੀ ਦਰਜ ਹੋਈ ਹੈ।

ਅਮਰੀਕੀ ਨਾਗਰਿਕਾਂ ਦੇ ਵਿਆਹੇ ਪੁੱਤਰ-ਧੀਆਂ ਵਾਲੀ ਐੱਫ-3 ਸ਼੍ਰੇਣੀ ਵਿਚ ਸਭ ਤੋਂ ਵੱਡੀ ਮਹੀਨਾਵਾਰ ਤਬਦੀਲੀ ਹੋਈ ਹੈ। ਇਸ ਦੀ ਫਾਈਨਲ ਐਕਸ਼ਨ ਤਰੀਕ 22 ਅਕਤੂਬਰ 2014 ਕਰ ਦਿੱਤੀ ਗਈ ਹੈ, ਜਦਕਿ ਅਗਸਤ ਵਿਚ ਇਹ 15 ਮਈ 2012 ਸੀ। ਇਹ ਲਗਭਗ ਦੋ ਸਾਲ ਪੰਜ ਮਹੀਨਿਆਂ ਦੀ ਤਰੱਕੀ ਹੈ। ਜਨਵਰੀ ਵਿਚ ਐੱਫ-3 ਦੀ ਤਰੀਕ 8 ਸਤੰਬਰ 2011 ਸੀ, ਇਸ ਲਈ ਜਨਵਰੀ ਤੋਂ ਸਤੰਬਰ ਵਿਚਕਾਰ ਇਹ ਲਗਭਗ ਤਿੰਨ ਸਾਲ ਇੱਕ ਮਹੀਨਾ ਅੱਗੇ ਵਧੀ ਹੈ।

ਐੱਫ-4 ਸ਼੍ਰੇਣੀ ਵਿਚ ਉਡੀਕ ਕਰ ਰਹੇ ਭਾਰਤੀ ਪਰਿਵਾਰਾਂ ਲਈ ਕੋਈ ਨਵੀਂ ਰਾਹਤ ਨਹੀਂ ਮਿਲੀ। ਇਸ ਦੀ ਫਾਈਨਲ ਐਕਸ਼ਨ ਤਰੀਕ ਪਹਿਲੀ ਨਵੰਬਰ 2006 ਹੈ, ਜੋ ਅਗਸਤ ਅਤੇ ਜਨਵਰੀ ਵਿਚ ਵੀ ਇਹੀ ਸੀ। ਇਸ ਦੀ ਦਸਤਾਵੇਜ਼ ਦਾਖ਼ਲ ਕਰਨ ਵਾਲੀ ਤਰੀਕ ਵੀ 15 ਦਸੰਬਰ 2006 ਉੱਤੇ ਕਾਇਮ ਹੈ। ਅਰਥਾਤ ਜਨਵਰੀ ਤੋਂ ਸਤੰਬਰ ਤੱਕ ਐੱਫ-4 ਦੇ ਦੋਵਾਂ ਚਾਰਟਾਂ ਵਿਚ ਇੱਕ ਦਿਨ ਦੀ ਵੀ ਤਰੱਕੀ ਨਹੀਂ ਹੋਈ।

ਦਸਤਾਵੇਜ਼ ਦਾਖ਼ਲ ਕਰਨ ਵਾਲੇ ਚਾਰਟ ਅਨੁਸਾਰ ਸਤੰਬਰ ਵਿਚ ਐੱਫ-1 ਦੀ ਤਰੀਕ ਪਹਿਲੀ ਫਰਵਰੀ 2020, ਐੱਫ-2ਬੀ ਦੀ ਪਹਿਲੀ ਸਤੰਬਰ 2019 ਅਤੇ ਐੱਫ-3 ਦੀ ਪਹਿਲੀ ਨਵੰਬਰ 2014 ਹੋ ਗਈ ਹੈ। ਐੱਫ-2ਏ ਦਸਤਾਵੇਜ਼ ਦਾਖ਼ਲ ਕਰਨ ਲਈ "ਕਰੰਟ" ਹੈ। ਹਾਲਾਂਕਿ "ਕਰੰਟ" ਹੋਣ ਦਾ ਮਤਲਬ ਤੁਰੰਤ ਗ੍ਰੀਨ ਕਾਰਡ ਮਿਲਣਾ ਨਹੀਂ, ਸਗੋਂ ਯੋਗ ਬਿਨੈਕਾਰ ਵੱਲੋਂ ਪ੍ਰਕਿਰਿਆ ਅੱਗੇ ਵਧਾਉਣ ਦੀ ਸੰਭਾਵਨਾ ਹੈ। ਅਮਰੀਕਾ ਅੰਦਰ ਸਟੇਟਸ ਬਦਲਣ ਵਾਲੇ ਬਿਨੈਕਾਰਾਂ ਨੂੰ ਹਰ ਮਹੀਨੇ ਯੂ.ਐੱਸ.ਸੀ.ਆਈ.ਐੱਸ. ਵੱਲੋਂ ਮਨਜ਼ੂਰ ਕੀਤਾ ਚਾਰਟ ਜ਼ਰੂਰ ਵੇਖਣਾ ਚਾਹੀਦਾ ਹੈ। ਵਿਦੇਸ਼ ਵਿਭਾਗ ਨੇ ਇਹ ਚਿਤਾਵਨੀ ਵੀ ਦਿੱਤੀ ਹੈ ਕਿ ਮੰਗ ਵਧਣ ਜਾਂ ਸਾਲਾਨਾ ਹੱਦ ਪੂਰੀ ਹੋਣ ਦੀ ਸਥਿਤੀ ਵਿਚ ਆਉਣ ਵਾਲੇ ਮਹੀਨਿਆਂ ਦੌਰਾਨ ਤਰੀਕਾਂ ਪਿੱਛੇ ਵੀ ਜਾ ਸਕਦੀਆਂ ਹਨ।




## ਸਿੱਖ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵੱਲੋਂ

# 8ਵਾਂ ਸਾਲਾਨਾ 'ਰਾਗ ਕੀਰਤਨ ਦਰਬਾਰ'

ਦਾ ਵਿਸ਼ਾਲ ਅਤੇ ਰੂਹਾਨੀ ਸਮਾਗਮ ਕਰਵਾਇਆ ਜਾ ਰਿਹਾ ਹੈ।

## ਆਓ, ਇਸ ਸਮਾਗਮ ਵਿਚ ਗੁਰਬਾਣੀ ਨੂੰ

ਉਸੇ ਰੂਹਾਨੀ ਅੰਦਾਜ਼ ਵਿੱਚ ਸੁਣੀਏ ਅਤੇ ਗਾਈਏ, ਜਿਸ ਤਰ੍ਹਾਂ ਇਹ ਗਾਈ ਅਤੇ ਸੁਣੀ ਜਾਣੀ ਚਾਹੀਦੀ ਹੈ।

**11 ਤੋਂ 13 ਸਤੰਬਰ 2026, ਸ਼ੁੱਕਰਵਾਰ ਤੋਂ ਐਤਵਾਰ ਤੱਕ ਆਯੋਜਿਤ ਕੀਤਾ ਜਾਵੇਗਾ।**

### ਇਸ ਸਮਾਗਮ ਵਿੱਚ



ਭਾਈ ਨਿਰਮਲ ਸਿੰਘ ਨਾਗਪੁਰੀ | ਡਾ. ਮਨਪ੍ਰੀਤ ਸਿੰਘ | ਡਾ. ਗੁਰਨਾਮ ਸਿੰਘ | ਭਾਈ ਕਰਨਜੀਤ ਸਿੰਘ ਸ਼ਾਂਤ | ਬੀਬੀ ਸੋਨੀ ਕੌਰ | ਬੀਬੀ ਸਿਮਰਤ ਕੌਰ | ਭਾਈ ਗੁਰਪ੍ਰੀਤ ਸਿੰਘ | ਭਾਈ ਸਿਮਰਨਜੀਤ ਸਿੰਘ ਖਾਲਸਾ | ਪ੍ਰੋ. ਦਲਬੀਰ ਸਿੰਘ ਤੇ ਵਿਦਿਆਰਥੀ

ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

**ਸਮੂਹ ਸੰਗਤਾਂ ਨੂੰ ਇਸ ਪਵਿੱਤਰ ਅਤੇ ਰਸਭਿੰਨੇ ਕੀਰਤਨ ਦਰਬਾਰ ਵਿੱਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ।**

ਗੁਰਦਵਾਰਾ ਸਾਹਿਬ ਦਾ ਪਤਾ :
3636 Gurdwara Avenue
San Jose, Cailforina

ਵਧੇਰੇ ਜਾਣਕਾਰੀ ਲਈ ਤੁਸੀਂ ਸੰਪਰਕ ਕਰ ਸਕਦੇ ਹੋ
(408) 274-9373


IAPW
INTERNATIONAL ASSOCIATION of PUNJABI WOMEN
28th Annual
One n One Only
Yuba City
Since 1999
JASMEEN AKHTAR
LIVE PERFORMANCE
LIVE IN YUBA CITY
6th SEPT 2026
11AM TO 7PM
YUBA SUTTER FAIR GROUNDS
442 FRANKLIN AVEYUBA CITY, CA 95991
JOT RANJIT KAUR (SINGER & HOST)
PARM TAKHAR (HOST)
$10 MANDATORY RAFFLE
ENTRY TICKET AT THE GATE
FROM 10:00AM TO 3:00PM
$20 ENTRY TICKET 3:00PM TO 5:30PM
GATES CLOSE AT 5:30PM.
FOR PARTICIPATION, BOOTH BOOKINGS N SPONSORSHIP, PLEASE CONTACT
CALL : (530) 845-4800
KEERAT TAKHAR
HARNOOR KAUR
PINNU BRAR
DR. LOVELEEN SAMRA
BAL K SINDAL
NAVI GILL
HARDEEP HUNDAL
MANINDER MAAN
SHIVPREET BIHALA
HARDEEP BINNING
SUKHY JHUTTY
JASWANT DHILLON
SUKHNANDAN K LALLY
SITAL GURAYA
MANDEEP KAUR
MADHUPREET KAUR
UMBER MAAN


MANN
Real Estate Services
Buying Or Selling Real Estate?
Let Us Help!
www.mannres.com

# ਇਸਲਾਮਾਬਾਦ ਦੇ ਸਰਕਾਰੀ ਹਸਪਤਾਲ 'ਚ ਲੱਗੀ ਅੱਗ: 15 ਨਵਜੰਮੇ ਬੱਚਿਆਂ ਦੀ ਮੌਤ

ਇਸਲਾਮਾਬਾਦ
ਸਾਂਝੀ ਸੋਚ ਬਿਊਰੋ

ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਦੇ ਇੱਕ ਹਸਪਤਾਲ ਵਿੱਚ ਬੁੱਧਵਾਰ ਨੂੰ ਅੱਗ ਲੱਗਣ ਕਾਰਨ ਪੰਦਰਾਂ ਨਵਜੰਮੇ ਬੱਚਿਆਂ ਦੀ ਮੌਤ ਹੋ ਗਈ। ਇਹ ਘਟਨਾ ਪਾਕਿਸਤਾਨ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਦੇ ਗਾਇਨੀਕੋਲੋਜੀ ਵਾਰਡ ਦੀ ਨਰਸਰੀ ਵਿੱਚ ਵਾਪਰੀ।

ਅਧਿਕਾਰੀਆਂ ਅਨੁਸਾਰ, ਘਟਨਾ ਦੇ ਸਮੇਂ ਨਰਸਰੀ ਵਿੱਚ 16 ਨਵਜੰਮੇ ਬੱਚੇ ਦਾਖਲ ਸਨ। ਇਨ੍ਹਾਂ ਵਿੱਚੋਂ ਸਿਰਫ਼ ਇੱਕ ਬੱਚੇ ਨੂੰ ਸੁਰੱਖਿਅਤ ਬਾਹਰ ਕੱਢਿਆ ਜਾ ਸਕਿਆ, ਜਦੋਂ ਕਿ 15 ਦੀ ਮੌਤ ਹੋ ਗਈ। ਬਚਾਅ ਅਧਿਕਾਰੀਆਂ ਦੇ ਅਨੁਸਾਰ, ਅੱਗ ਹਸਪਤਾਲ ਦੀ ਨਰਸਰੀ ਦੇ ਅੰਦਰ ਏਅਰ ਕੰਡੀਸ਼ਨਰ ਕੰਪ੍ਰੈਸਰ ਫਟਣ ਤੋਂ ਬਾਅਦ ਲੱਗੀ।

ਅੱਗ ਤੇਜ਼ੀ ਨਾਲ ਫੈਲ ਗਈ, ਜਿਸ ਨਾਲ ਵਾਰਡ ਧੂੰਏਂ ਨਾਲ ਭਰ ਗਿਆ। ਅੱਗ ਲੱਗਣ ਦੀ ਸੂਚਨਾ ਮਿਲਣ ‘ਤੇ ਬਚਾਅ ਟੀਮਾਂ ਮੌਕੇ ‘ਤੇ ਪਹੁੰਚੀਆਂ ਅਤੇ ਬਚਾਅ ਕਾਰਜ ਸ਼ੁਰੂ ਕੀਤੇ। ਬਚਾਅ ਕਾਰਜ ਲਈ ਛੇ ਫਾਇਰ ਇੰਜਣ ਅਤੇ ਚਾਰ ਐਂਬੂਲੈਂਸਾਂ ਤਾਇਨਾਤ ਕੀਤੀਆਂ ਗਈਆਂ ਸਨ। ਫਾਇਰਫਾਈਟਰਜ਼ ਨੇ ਅੱਗ ‘ਤੇ ਕਾਬੂ ਪਾਇਆ, ਜਿਸ ਤੋਂ ਬਾਅਦ ਅੱਗ ਨੂੰ ਦੁਬਾਰਾ ਭੜਕਣ ਤੋਂ ਰੋਕਣ ਲਈ ਮੌਕੇ ‘ਤੇ ਕੂਲਿੰਗ ਆਪ੍ਰੇਸ਼ਨ ਕੀਤਾ ਗਿਆ ਹ ।

ਪ੍ਰਸ਼ਾਸਨ ਅਨੁਸਾਰ ਕਮੇਟੀ ਅੱਗ ਲੱਗਣ ਦੇ ਅਸਲ ਕਾਰਨਾਂ ਦਾ ਪਤਾ ਲਗਾਏਗੀ ਅਤੇ ਇਹ ਵੀ ਜਾਂਚ ਕਰੇਗੀ ਕਿ ਇਹ ਘਟਨਾ ਕਿਹੜੇ ਹਾਲਾਤਾਂ ਵਿੱਚ ਵਾਪਰੀ ਅਤੇ ਕੀ ਹਸਪਤਾਲ ਦੇ ਸੁਰੱਖਿਆ ਪ੍ਰਬੰਧ ਵਿੱਚ ਕੋਈ ਕਮੀ ਸੀ।

# ਅਜੀਤ ਡੋਵਾਲ ਨੇ ਸਰਹੱਦ ’ਤੇ ਸ਼ਾਂਤੀ ਤੇ ਸਥਿਰਤਾ ਨੂੰ ਭਾਰਤ-ਚੀਨ ਰਿਸ਼ਤਿਆਂ ਲਈ ਦੱਸਿਆ ਅਹਿਮ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਚੀਨ ਦੀ ਧਰਤੀ ਤੋਂ ਭਾਰਤ ਦਾ ਸਪੱਸ਼ਟ ਸੁਨੇਹਾ ਦਿੱਤਾ ਹੈ ਕਿ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਅੱਗੇ ਵਧਾਉਣ ਲਈ ਸਰਹੱਦੀ ਇਲਾਕਿਆਂ ਵਿੱਚ ਸ਼ਾਂਤੀ ਅਤੇ ਸਥਿਰਤਾ ਕਾਇਮ ਰਹਿਣੀ ਬੇਹੱਦ ਜ਼ਰੂਰੀ ਹੈ।

ਬੀਜਿੰਗ ਵਿੱਚ ਅਜੀਤ ਡੋਵਾਲ ਅਤੇ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਵਿਚਾਲੇ ਭਾਰਤ-ਚੀਨ ਸਰਹੱਦੀ ਵਿਵਾਦ ’ਤੇ 25ਵੇਂ ਦੌਰ ਦੀ ਵਿਸ਼ੇਸ਼ ਪ੍ਰਤੀਨਿਧੀ ਵਾਰਤਾ ਹੋਈ। ਦੋਵਾਂ ਧਿਰਾਂ ਨੇ ਸਰਹੱਦੀ ਮਸਲੇ ਦੇ ਨਿਰਪੱਖ, ਵਾਜਬ ਅਤੇ ਆਪਸੀ ਸਹਿਮਤੀ ਵਾਲੇ ਹੱਲ ਵੱਲ ਗੱਲਬਾਤ ਜਾਰੀ ਰੱਖਣ ’ਤੇ ਸਹਿਮਤੀ ਜਤਾਈ। ਡੋਵਾਲ ਨੇ ਕਿਹਾ ਕਿ ਭਾਰਤ-ਚੀਨ ਸਬੰਧਾਂ ਵਿੱਚ ਹਾਲੀਆ ਸੁਧਾਰ ਸਿੱਧੇ ਤੌਰ ’ਤੇ ਸਰਹੱਦੀ ਇਲਾਕਿਆਂ ਵਿੱਚ ਬਣੀ ਸ਼ਾਂਤੀ ਅਤੇ ਸਥਿਰਤਾ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਦੋਵਾਂ ਦੇਸ਼ਾਂ ਵਿਚਾਲੇ ਸਰਹੱਦ ’ਤੇ ਸ਼ਾਂਤੀ ਬਣਾਈ ਰੱਖਣ ਦੇ ਯਤਨਾਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ’ਤੇ ਜ਼ੋਰ ਦਿੱਤਾ। ਵਾਰਤਾ ਦੌਰਾਨ ਦੋਵਾਂ ਪੱਖਾਂ ਨੇ ਸਰਹੱਦੀ ਵਿਵਾਦ ਦੇ ਨਾਲ-ਨਾਲ ਵਿਆਪਕ ਦੁਵੱਲੇ ਸਬੰਧਾਂ ਦੀ ਵੀ ਸਮੀਖਿਆ ਕੀਤੀ। ਭਾਰਤ ਨੇ ਲੰਬੇ ਸਮੇਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਸਰਹੱਦੀ ਮਸਲੇ ਦੇ ਸਿਆਸੀ ਹੱਲ ਲਈ ਗੱਲਬਾਤ ਜਾਰੀ ਰੱਖਣ ਦੀ ਗੱਲ ਕਹੀ ਹੈ। ਇਹ ਵਾਰਤਾ ਅਜਿਹੇ ਸਮੇਂ ਹੋਈ ਹੈ ਜਦੋਂ ਭਾਰਤ ਅਤੇ ਚੀਨ ਪਿਛਲੇ ਕੁਝ ਸਾਲਾਂ ਦੇ ਤਣਾਅ ਤੋਂ ਬਾਅਦ ਸਬੰਧਾਂ ਨੂੰ ਆਮ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਦੋਵਾਂ ਦੇਸ਼ਾਂ ਵਿਚਾਲੇ ਅਗਲੇ ਦੌਰ ਦੀ ਵਿਸ਼ੇਸ਼ ਪ੍ਰਤੀਨਿਧੀ ਵਾਰਤਾ 2027 ਵਿੱਚ ਭਾਰਤ ਵਿੱਚ ਹੋਣ ਦੀ ਉਮੀਦ ਹੈ।

# ਅਫਗਾਨਿਸਤਾਨ ਪ੍ਰੀਮੀਅਰ ਲੀਗ ਦਾ ਐਲਾਨ ਪਹਿਲਾ ਸੀਜ਼ਨ 27 ਦਸੰਬਰ ਤੋਂ

ਕਾਬੁਲ
ਸਾਂਝੀ ਸੋਚ ਬਿਊਰੋ



ਅਫਗਾਨਿਸਤਾਨ ਕ੍ਰਿਕਟ ਬੋਰਡ (ਏਸੀਬੀ) ਨੇ ਅਫਗਾਨਿਸਤਾਨ ਪ੍ਰੀਮੀਅਰ ਲੀਗ (ਏਪੀਐਲ) ਟੀ20 ਦੇ ਪਹਿਲੇ ਸੀਜ਼ਨ ਦੀਆਂ ਤਰੀਕਾਂ ਦਾ ਐਲਾਨ ਕੀਤਾ ਹੈ ਅਤੇ ਤਿੰਨ ਫ੍ਰੈਂਚਾਇਜ਼ੀਜ਼ ਦੇ ਨਾਵਾਂ ਦਾ ਖੁਲਾਸਾ ਕੀਤਾ ਹੈ। ਲੀਗ 27 ਦਸੰਬਰ, 2026 ਨੂੰ ਸ਼ੁਰੂ ਹੋਣ ਵਾਲੀ ਹੈ। ਦੁਬਈ ਵਿੱਚ ਆਯੋਜਿਤ ਇੱਕ ਸਮਾਰੋਹ ਵਿੱਚ, ਲੀਗ ਦੀ ਟਰਾਫੀ ਜਿਸਦਾ ਨਾਮ ‘ਕੋਹ-ਏ-ਜ਼ਫਰ’ ਹੈ ਦਾ ਉਦਘਾਟਨ ਤਿੰਨ ਫ੍ਰੈਂਚਾਇਜ਼ੀਜ਼: ਐਕਸਲ ਯੂਨਾਈਟਿਡ ਕਾਬੁਲ, ਬਲਖ ਜਵਾਨਾਨ ਅਤੇ ਕੰਧਾਰ ਵਾਰੀਅਰਜ਼ ਦੇ ਨਾਲ ਕੀਤਾ ਗਿਆ। ਫ੍ਰੈਂਚਾਇਜ਼ੀ ਮਾਲਕ, ਲੀਗ ਭਾਈਵਾਲ ਅਤੇ ਅਫਗਾਨਿਸਤਾਨ ਕ੍ਰਿਕਟ ਬੋਰਡ ਅਧਿਕਾਰੀ ਇਸ ਸਮਾਗਮ ਵਿੱਚ ਸ਼ਾਮਲ ਹੋਏ। ਏਪੀਐਲ ਟਰਾਫੀ ਦਾ ਨਾਮ ‘ਕੋਹ-ਏ-ਜ਼ਫਰ’ ਰੱਖਿਆ ਗਿਆ ਹੈ। ਇਸਦਾ ਡਿਜ਼ਾਈਨ ਅਫਗਾਨਿਸਤਾਨ ਦੀਆਂ ਪਹਾੜੀ ਸ਼੍ਰੇਣੀਆਂ ਤੋਂ ਪ੍ਰੇਰਨਾ ਲੈਂਦਾ ਹੈ। ਏਸੀਬੀ ਦੇ ਅਨੁਸਾਰ, ਇਹ ਤਾਕਤ, ਲਚਕੀਲਾਪਣ ਅਤੇ ਕ੍ਰਿਕਟ ਸਫਲਤਾ ਦੇ ਸਿਖਰ ਦਾ ਪ੍ਰਤੀਕ ਹੈ।

# ਲੈਕਚਰਾਰ ਹੱਤਿਆ ਮਾਮਲੇ ’ਚ ਪਤੀ ਤੇ ਸੱਸ ਗ੍ਰਿਫ਼ਤਾਰ

ਜਲੰਧਰ
ਸਾਂਝੀ ਸੋਚ ਬਿਊਰੋ



ਜਲੰਧਰ ਦੇ ਕਰਤਾਰਪੁਰ ਇਲਾਕੇ ਵਿੱਚ ਸੇਂਟ ਸੋਲਜਰ ਕਾਲਜ ਦੀ ਲੈਕਚਰਾਰ ਨੇਹਾ ਬੱਸੀ ਦੀ ਕਥਿਤ ਤੌਰ ’ਤੇ ਟਾਇਲਟ ਕਲੀਨਰ ਪਿਲਾ ਕੇ ਕੀਤੀ ਗਈ ਹੱਤਿਆ ਦੇ ਮਾਮਲੇ ਵਿੱਚ ਪੁਲਿਸ ਨੇ ਉਸਦੇ ਪਤੀ ਉਮੰਗ ਬੱਸੀ ਅਤੇ ਸੱਸ ਕੁਸੁਮ ਬੱਸੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਨੂੰ ਮੱਧ ਪ੍ਰਦੇਸ਼ ਦੇ ਉਜੈਨ ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਲੈਕਚਰਾਰ ਦੀ ਛੇ ਸਾਲ ਦੀ ਧੀ, ਜੋ ਉਨ੍ਹਾਂ ਦੇ ਨਾਲ ਸੀ, ਨੂੰ ਵੀ ਬਰਾਮਦ ਕਰ ਲਿਆ ਗਿਆ ਹੈ। ਹਾਲਾਂਕਿ ਪੁਲਿਸ ਵੱਲੋਂ ਗ੍ਰਿਫ਼ਤਾਰੀ ਦੀ ਰਸਮੀ ਪੁਸ਼ਟੀ ਅਜੇ ਨਹੀਂ ਕੀਤੀ ਗਈ। ਕਰਤਾਰਪੁਰ ਦੇ ਐਸਐਚਓ ਗੁਰਪ੍ਰੀਤ ਸਿੰਘ ਨੇ ਮਾਮਲੇ ’ਤੇ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਸੀਨੀਅਰ ਅਧਿਕਾਰੀਆਂ ਨਾਲ ਸੰਪਰਕ ਕਰਨ ਲਈ ਕਿਹਾ ਹੈ। ਇਸ ਤੋਂ ਪਹਿਲਾਂ ਪੁਲਿਸ ਵੱਲੋਂ ਉਮੰਗ ਬੱਸੀ ਦੀ ਕਥਿਤ ਪ੍ਰੇਮਿਕਾ ਸਤਪਾਲ ਕੌਰ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ।

Space available for Ad
Contact # +1 (209) 303-1260
Contact # +91 81463-20009




SANJHA ਪੰਜਾਬ USA
SANJHA PUNJAB USA
PRESENTS
Sufi Sham
with
HANSRAJ HANS
LIVE IN USA
HANSRAJ HANS
USA TOUR
2026
SEPT 5TH, 2026 (SATURDAY) | AT 8:00 PM
The Space at Westburry
250 Post Ave, Westbury, NY 11590
BRING YOUR FAMILY & FRIENDS
DON'T MISS IT!
FOR MORE INFO:
S. Balwinder S. Bajwa | +1 (516) 852-2222


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

Gillson TRUCKING INC

# NOW HIRING
## TRUCK DRIVERS CLASS A CDL



- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight



### SKILLS
- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

### RESPONSIBILITIES
- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company policies and procedures.

### PAY
- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

### NEWER EQUIPMENT
Freightliner and Volvo 2020 and present
Reset pay away from Terminals– Stockton,. CA and Dayton, Ohio

Flexible Home Time | Pet Friendly | Rider Policy

SCAN QR CODE FOR APPLY NOW

HEALTH BENEFITS: Health | Dental | Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking | company/gillsontrucking | www.teamgillson.com

# ਰੱਖੜੀ ਦੇ ਤਿਉਹਾਰ 'ਤੇ ਭਗਵੰਤ ਸਿੰਘ ਮਾਨ ਨੇ ਨਿਭਾਇਆ 'ਭਰਾ' ਦਾ ਫ਼ਰਜ਼

## 1.37 ਲੱਖ ਸਤਿਕਾਰ ਸਖੀਆਂ ਦੇ ਖਾਤੇ 'ਚ ਪਾਈ ਸਨਮਾਨ ਰਾਸ਼ੀ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਰੱਖੜੀ ਦੇ ਤਿਉਹਾਰ 'ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ 1.37 ਲੱਖ 'ਸਤਿਕਾਰ ਸਖੀਆਂ' ਨੂੰ 52.20 ਕਰੋੜ ਰੁਪਏ ਦੀ ਸਨਮਾਨ ਰਾਸ਼ੀ ਤਬਦੀਲ ਕਰਕੇ 'ਭਰਾ' ਦਾ ਫਰਜ਼ ਨਿਭਾਇਆ। ਇਸ ਦੇ ਨਾਲ ਹੀ ਉਨ੍ਹਾਂ ਨੇ ਪੂਰੇ ਪੰਜਾਬ ਦੀਆਂ ਔਰਤਾਂ ਤੱਕ 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਪਹੁੰਚਾਉਣ ਵਿੱਚ ਸਤਿਕਾਰ ਸਖੀਆਂ ਦੇ ਅਣਥੱਕ ਯੋਗਦਾਨ ਦੀ ਭਰਵੀਂ ਸ਼ਲਾਘਾ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਸਤਿਕਾਰ ਸਖੀਆਂ ਦੀਆਂ ਕੋਸ਼ਿਸ਼ਾਂ ਸਦਕਾ ਹੀ ਇਸ ਯੋਜਨਾ ਤਹਿਤ 75 ਲੱਖ ਤੋਂ ਵੱਧ ਔਰਤਾਂ ਦੀ ਰਜਿਸਟ੍ਰੇਸ਼ਨ ਸੰਭਵ ਹੋ ਸਕੀ ਹੈ ਅਤੇ ਯੋਗ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਸਨਮਾਨ ਰਾਸ਼ੀ ਪਹੁੰਚਣੀ ਯਕੀਨੀ ਹੋਈ ਹੈ।

ਇਸ ਪਹਿਲਕਦਮੀ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਹੁਣ ਤੱਕ ਇਸ ਯੋਜਨਾ ਤਹਿਤ 76.11 ਲੱਖ ਔਰਤਾਂ ਦੀ ਰਜਿਸਟ੍ਰੇਸ਼ਨ ਹੋ ਚੁੱਕੀ ਹੈ, ਜਿਸ ਵਿੱਚੋਂ 68.06 ਲੱਖ ਔਰਤਾਂ ਦੇ ਖਾਤਿਆਂ ਵਿੱਚ 2,381 ਕਰੋੜ ਰੁਪਏ ਪਹਿਲਾਂ ਹੀ ਟ੍ਰਾਂਸਫਰ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦੀ ਸਰਕਾਰ ਨੇ ਇਸ ਯੋਜਨਾ ਨਾਲ ਇਕ ਕਰੋੜ ਔਰਤਾਂ ਨੂੰ ਜੋੜਨ ਦਾ ਟੀਚਾ ਰੱਖਿਆ ਹੈ, ਜਦਕਿ ਸਤਿਕਾਰ ਸਖੀਆਂ ਨੂੰ ਹਰੇਕ ਰਜਿਸਟ੍ਰੇਸ਼ਨ ਲਈ 300 ਰੁਪਏ ਮਿਲਣਗੇ, ਜਿਸ ਨਾਲ ਉਹ ਇਸ ਪਹਿਲਕਦਮੀ ਰਾਹੀਂ 200 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕਰ ਸਕਣਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਔਰਤਾਂ ਦੀ ਭਲਾਈ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਦ੍ਰਿੜ੍ਹ ਰਹੇਗੀ ਅਤੇ ਜਦੋਂ ਤੱਕ ਪੰਜਾਬ ਵਿੱਚ ਆਪ ਸਰਕਾਰ ਹੈ, 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਬੰਦ ਨਹੀਂ ਹੋਵੇਗੀ। ਇਸ ਦੌਰਾਨ ਆਪ ਪੰਜਾਬ ਮਹਿਲਾ ਵਿੰਗ ਦੀ ਪ੍ਰਧਾਨ ਤੇ ਵਿਧਾਇਕਾ ਡਾ. ਅਮਨਦੀਪ ਕੌਰ, ਵਿਧਾਇਕਾ ਡਾ. ਜੀਵਨਜੋਤ ਕੌਰ, ਵਿਧਾਇਕਾ ਇੰਦਰਜੀਤ ਕੌਰ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਤੇ ਹਰਭਜਨ ਸਿੰਘ ਈ.ਟੀ.ਓ. ਵੀ ਹਾਜ਼ਰ ਸਨ।

ਐਕਸ 'ਤੇ ਜਾਣਕਾਰੀ ਸਾਂਝੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲਿਖਿਆ: "ਰੱਖੜੀ ਦੇ ਪਵਿੱਤਰ ਤਿਉਹਾਰ 'ਤੇ ਸਾਡੀ ਸਰਕਾਰ ਭੈਣਾਂ ਨਾਲ ਕੀਤਾ ਵਾਅਦਾ ਪੂਰਾ ਕਰ ਰਹੀ ਹੈ। ਅੱਜ ਮੈਂ ਗੋਇੰਦਵਾਲ ਸਾਹਿਬ ਵਿਖੇ 'ਸਤਿਕਾਰ ਸਖੀ ਸਨਮਾਨ ਸਮਾਰੋਹ' ਵਿੱਚ ਵਰਚੁਅਲ ਤੌਰ 'ਤੇ ਸ਼ਿਰਕਤ ਕੀਤੀ। 'ਮਾਵਾਂ-ਧੀਆਂ ਸਤਿਕਾਰ ਯੋਜਨਾ' ਤਹਿਤ 75 ਲੱਖ ਤੋਂ ਵੱਧ ਔਰਤਾਂ ਦੇ ਖਾਤਿਆਂ ਵਿੱਚ 'ਸਨਮਾਨ ਰਾਸ਼ੀ' ਭੇਜੀ ਜਾ ਰਹੀ ਹੈ। ਉਨ੍ਹਾਂ ਸਾਰੀਆਂ 'ਸਤਿਕਾਰ ਸਖੀਆਂ' ਦਾ ਤਹਿ ਦਿਲੋਂ ਧੰਨਵਾਦ ਜਿਨ੍ਹਾਂ ਨੇ ਲੋੜਵੰਦ ਪਰਿਵਾਰਾਂ ਦੀ ਰਜਿਸਟ੍ਰੇਸ਼ਨ ਅਤੇ ਫਾਰਮ ਭਰਨ ਵਿੱਚ ਮਦਦ ਕੀਤੀ। ਇਸ ਨੇਕ ਸੇਵਾ ਲਈ ਤੁਹਾਡਾ ਨਾਂ ਇਤਿਹਾਸ ਵਿੱਚ ਦਰਜ ਹੋਵੇਗਾ। ਇਸ ਵਿਆਪਕ ਸਰਕਾਰੀ ਯੋਜਨਾ ਨੂੰ ਘਰ-ਘਰ ਪਹੁੰਚਾਉਣ ਅਤੇ ਔਰਤਾਂ ਦੇ ਬੈਂਕ ਖਾਤਿਆਂ ਵਿੱਚ ਸਨਮਾਨ ਰਾਸ਼ੀ ਪਹੁੰਚਾਉਣ ਲਈ ਸਾਰੀਆਂ ਸਤਿਕਾਰ ਸਖੀਆਂ ਨੂੰ ਬਹੁਤ-ਬਹੁਤ ਮੁਬਾਰਕਾਂ ਅਤੇ ਦਿਲੀ ਧੰਨਵਾਦ।"

ਸਤਿਕਾਰ ਸਖੀਆਂ ਨੂੰ ਸਨਮਾਨ ਰਾਸ਼ੀ ਦੇਣ ਲਈ ਕਰਵਾਏ ਗਏ ਸਮਾਗਮ ਦੌਰਾਨ ਇਕੱਠ ਨੂੰ ਵਰਚੁਅਲ ਤੌਰ 'ਤੇ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਰੱਖੜੀ ਦੇ ਤਿਉਹਾਰ 'ਤੇ ਪਹਿਲੀ ਕਿਸ਼ਤ ਜਾਰੀ ਕਰਕੇ ਮਹਿਲਾ ਲਾਭਪਾਤਰੀਆਂ ਨੂੰ ਰੱਖੜੀ ਦਾ ਵਿਸ਼ੇਸ਼ ਤੋਹਫ਼ਾ ਦਿੱਤਾ ਹੈ। ਉਨ੍ਹਾਂ ਕਿਹਾ, "ਸਾਡੀ ਸਰਕਾਰ ਨੇ ਔਰਤਾਂ ਦੇ ਮਾਣ-ਸਨਮਾਨ ਵਿੱਚ 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਸ਼ੁਰੂ ਕੀਤੀ ਹੈ। ਮੈਂ ਬਾਕੀ ਰਹਿੰਦੀਆਂ ਸਾਰੀਆਂ ਯੋਗ ਔਰਤਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਇਸ ਯੋਜਨਾ ਤਹਿਤ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਅਤੇ ਇਸ ਦਾ ਲਾਭ ਉਠਾਉਣ।"

ਮੁੱਖ ਮੰਤਰੀ ਨੇ ਦੱਸਿਆ, "18 ਸਾਲ ਤੋਂ ਵੱਧ ਉਮਰ ਦੀਆਂ ਮਹਿਲਾ ਲਾਭਪਾਤਰੀਆਂ ਨੂੰ 1,000 ਰੁਪਏ ਦੀ ਵਿੱਤੀ ਸਹਾਇਤਾ ਦੇ ਮੋਬਾਈਲ ਸੰਦੇਸ਼ ਮਿਲ ਰਹੇ ਹਨ, ਜਦਕਿ ਅਨੁਸੂਚਿਤ ਜਾਤੀ ਭਾਈਚਾਰੇ ਦੀਆਂ ਔਰਤਾਂ ਨੂੰ 1,500 ਰੁਪਏ ਮਿਲ ਰਹੇ ਹਨ। ਇਹ ਸਹਾਇਤਾ ਰਾਸ਼ੀ ਸਿੱਧੀ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਭੇਜੀ ਜਾ ਰਹੀ ਹੈ ਅਤੇ ਪੰਜਾਬ ਦੀਆਂ 97 ਫੀਸਦੀ ਔਰਤਾਂ ਨੂੰ ਇਸ ਯੋਜਨਾ ਦਾ ਲਾਭ ਮਿਲਣ ਦੀ ਉਮੀਦ ਹੈ। ਸੂਬਾ ਸਰਕਾਰ ਨੇ ਇਸ ਪਹਿਲਕਦਮੀ ਲਈ ਬਜਟ ਵਿੱਚ 9,300 ਕਰੋੜ ਰੁਪਏ ਰੱਖੇ ਹਨ।"

ਉਨ੍ਹਾਂ ਕਿਹਾ, "ਇਹ ਵਿੱਤੀ ਸਹਾਇਤਾ ਸ਼ਾਇਦ ਔਰਤਾਂ ਨੂੰ ਅਮੀਰ ਤਾਂ ਨਾ ਬਣਾਵੇ ਪਰ ਇਹ ਉਨ੍ਹਾਂ ਨੂੰ ਮਾਣ-ਸਤਿਕਾਰ ਅਤੇ ਸਵੈ-ਮਾਣ ਜ਼ਰੂਰ ਦੇਵੇਗੀ। ਔਰਤਾਂ ਸਭ ਤੋਂ ਵੱਧ ਸਤਿਕਾਰ ਦੀਆਂ ਹੱਕਦਾਰ ਹਨ ਅਤੇ ਮਾਵਾਂ-ਭੈਣਾਂ ਦੀਆਂ ਆਸੀਸਾਂ ਦੁਨੀਆ ਦੀ ਹਰ ਚੁਣੌਤੀ 'ਤੇ ਜਿੱਤ ਪ੍ਰਾਪਤ ਕਰਨ ਵਿੱਚ ਮਦਦ ਕਰ ਸਕਦੀਆਂ ਹਨ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਰਿਵਾਰ ਦੀ ਭਲਾਈ, ਲਿੰਗ ਸਮਾਨਤਾ ਨੂੰ ਉਤਸ਼ਾਹਿਤ ਕਰਨ ਅਤੇ ਸਮਾਜਿਕ ਤੇ ਆਰਥਿਕ ਫੈਸਲੇ ਲੈਣ ਵਿੱਚ ਔਰਤਾਂ ਦੀ ਭਾਈਵਾਲੀ ਵਧਾਉਣ ਲਈ ਉਨ੍ਹਾਂ ਦੀ ਵਿੱਤੀ ਆਜ਼ਾਦੀ ਨੂੰ ਮਜ਼ਬੂਤ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਅੱਗੇ ਕਿਹਾ, "ਸਾਡੀ ਸਰਕਾਰ ਔਰਤਾਂ ਦੀ ਭਲਾਈ ਅਤੇ ਸ਼ਕਤੀਕਰਨ ਲਈ ਵਚਨਬੱਧ ਹੈ ਅਤੇ ਇਸ ਦਿਸ਼ਾ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।"



ਰੱਖੜੀ ਦੇ ਤਿਉਹਾਰ 'ਤੇ ਮੁੱਖ ਮੰਤਰੀ ਨੇ ਕਿਹਾ, "ਮੈਂ 1.37 ਲੱਖ ਸਤਿਕਾਰ ਸਖੀਆਂ ਨੂੰ 52.20 ਕਰੋੜ ਰੁਪਏ ਤਬਦੀਲ ਕਰਕੇ 'ਭਰਾ' ਦਾ ਫਰਜ਼ ਨਿਭਾਇਆ ਹੈ। 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਨੂੰ ਵੱਡੀ ਸਫਲਤਾ ਦਿਵਾਉਣ ਵਿੱਚ ਸਤਿਕਾਰ ਸਖੀਆਂ ਨੇ ਅਹਿਮ ਭੂਮਿਕਾ ਨਿਭਾਈ ਹੈ, ਕਿਉਂਕਿ ਉਨ੍ਹਾਂ ਦੇ ਸੁਹਿਰਦ ਯਤਨਾਂ ਕਰਕੇ ਹੀ 75 ਲੱਖ ਤੋਂ ਵੱਧ ਔਰਤਾਂ ਦੀ ਰਜਿਸਟ੍ਰੇਸ਼ਨ ਸੰਭਵ ਹੋਈ ਹੈ।"

ਉਨ੍ਹਾਂ ਅੱਗੇ ਕਿਹਾ, "ਸਤਿਕਾਰ ਸਖੀਆਂ ਨੇ ਇਸ ਯੋਜਨਾ ਨੂੰ ਪੂਰੇ ਪੰਜਾਬ ਦੀਆਂ ਔਰਤਾਂ ਤੱਕ ਪਹੁੰਚਾਉਣ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਦੀ ਮਿਹਨਤ ਸਦਕਾ ਹੀ 75 ਲੱਖ ਤੋਂ ਵੱਧ ਔਰਤਾਂ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਨਾਲ ਜੁੜ ਸਕੀਆਂ ਹਨ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਸਤਿਕਾਰ ਸਖੀਆਂ ਨੂੰ ਹਰੇਕ ਰਜਿਸਟ੍ਰੇਸ਼ਨ ਲਈ 300 ਰੁਪਏ ਮਿਲਣਗੇ ਅਤੇ 100 ਰੁਪਏ ਪ੍ਰਤੀ ਰਜਿਸਟ੍ਰੇਸ਼ਨ ਦੇ ਹਿਸਾਬ ਨਾਲ 52.20 ਕਰੋੜ ਰੁਪਏ ਦੀ ਪਹਿਲੀ ਕਿਸ਼ਤ ਜਾਰੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ, "ਸਾਡੀ ਸਰਕਾਰ ਨੇ ਇਕ ਕਰੋੜ ਔਰਤਾਂ ਨੂੰ ਯੋਜਨਾ ਨਾਲ ਜੋੜਨ ਦਾ ਟੀਚਾ ਰੱਖਿਆ ਹੈ। ਸਤਿਕਾਰ ਸਖੀਆਂ ਇਸ ਪਹਿਲਕਦਮੀ ਰਾਹੀਂ 200 ਕਰੋੜ ਰੁਪਏ ਤੋਂ ਵੱਧ ਦੀ ਕਮਾਈ ਕਰਨਗੀਆਂ।"

ਮੁੱਖ ਮੰਤਰੀ ਨੇ ਨੋਟ ਕੀਤਾ, "ਹੁਣ ਤੱਕ ਰਜਿਸਟਰਡ 76.11 ਲੱਖ ਔਰਤਾਂ ਵਿੱਚੋਂ 68.06 ਲੱਖ ਔਰਤਾਂ ਦੇ ਖਾਤਿਆਂ ਵਿੱਚ 2,381 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਭੇਜੀ ਜਾ ਚੁੱਕੀ ਹੈ। ਇਹ ਦੇਸ਼ ਦੀ ਇੱਕੋ-ਇੱਕ ਅਜਿਹੀ ਯੋਜਨਾ ਹੈ ਜੋ 18 ਸਾਲ ਤੋਂ ਵੱਧ ਉਮਰ ਦੀ ਹਰੇਕ ਔਰਤ ਨੂੰ ਬਿਨਾਂ ਕਿਸੇ ਸ਼ਰਤ ਦੇ ਮਾਣ-ਭੱਤਾ ਦਿੰਦੀ ਹੈ।"

ਉਨ੍ਹਾਂ ਕਿਹਾ ਕਿ ਜਦੋਂ ਤੱਕ ਪੰਜਾਬ ਵਿੱਚ ਆਪ ਸਰਕਾਰ ਹੈ, 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਵਰਗੀ ਭਲਾਈ ਪਹਿਲਕਦਮੀ ਬੰਦ ਨਹੀਂ ਹੋਵੇਗੀ। ਮੁੱਖ ਮੰਤਰੀ ਨੇ ਕਿਹਾ, "ਜਿਨ੍ਹਾਂ ਘਰਾਂ ਵਿੱਚ 3,000 ਤੋਂ 4,500 ਰੁਪਏ ਪਹਿਲਾਂ ਹੀ ਪਹੁੰਚ ਚੁੱਕੇ ਹਨ, ਉੱਥੇ ਸਤਿਕਾਰ ਸਖੀਆਂ ਅਤੇ ਮਹਿਲਾ ਲਾਭਪਾਤਰੀਆਂ ਵਿਚਕਾਰ ਵਿਸ਼ਵਾਸ ਦਾ ਰਿਸ਼ਤਾ ਬਣ ਗਿਆ ਹੈ। ਇਹ ਰਿਸ਼ਤਾ ਉਦੋਂ ਹੋਰ ਮਜ਼ਬੂਤ ਹੋਵੇਗਾ, ਜਦੋਂ ਰੱਖੜੀ 'ਤੇ ਨਵੀਂ ਕਿਸ਼ਤ ਜਾਰੀ ਹੋਣ ਨਾਲ ਲਾਭਪਾਤਰੀਆਂ ਦੇ ਫ਼ੋਨਾਂ 'ਤੇ ਮੁੜ ਸੰਦੇਸ਼ ਆਉਣਗੇ। ਮੈਨੂੰ ਉਮੀਦ ਹੈ ਕਿ ਔਰਤਾਂ ਇਸ ਪੈਸੇ ਦੀ ਵਰਤੋਂ ਸਮਝਦਾਰੀ ਨਾਲ ਨਵੇਂ ਕੱਪੜੇ ਖਰੀਦਣ, ਦਵਾਈਆਂ ਲੈਣ ਜਾਂ ਕਰਜ਼ਾ ਮੋੜਨ ਲਈ ਕਰਨਗੀਆਂ। ਮੈਨੂੰ ਇਹ ਦੇਖ ਕੇ ਖੁਸ਼ੀ ਹੋ ਰਹੀ ਹੈ ਕਿ ਇਸ ਪੈਸੇ ਦੀ ਸਹੀ ਵਰਤੋਂ ਹੋ ਰਹੀ ਹੈ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਤਿਕਾਰ ਸਖੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਆਪਣੇ ਦੁਆਰਾ ਰਜਿਸਟਰਡ ਕੀਤੇ ਗਏ ਪਰਿਵਾਰਾਂ ਨਾਲ ਹਮੇਸ਼ਾ ਜੁੜੀਆਂ ਰਹਿਣ ਅਤੇ ਉਨ੍ਹਾਂ ਦਾ ਖਿਆਲ ਰੱਖਣ। ਉਨ੍ਹਾਂ ਨੇ ਗੱਲਬਾਤ ਖਤਮ ਕਰਦਿਆਂ ਕਿਹਾ, "ਉਨ੍ਹਾਂ ਦੀ ਭੂਮਿਕਾ ਸਿਰਫ਼ ਰਜਿਸਟ੍ਰੇਸ਼ਨ ਤੱਕ ਹੀ ਸੀਮਤ ਨਹੀਂ ਹੋਣੀ ਚਾਹੀਦੀ, ਸਗੋਂ ਲੋੜ ਪੈਣ 'ਤੇ ਲਾਭਪਾਤਰੀ ਪਰਿਵਾਰਾਂ ਦੇ ਨਾਲ ਖੜ੍ਹਨਾ ਚਾਹੀਦਾ ਹੈ।"

ਇਸ ਦੌਰਾਨ ਆਪ ਪੰਜਾਬ ਦੇ ਮਹਿਲਾ ਵਿੰਗ ਦੀ ਪ੍ਰਧਾਨ ਅਤੇ ਵਿਧਾਇਕਾ ਡਾ. ਅਮਨਦੀਪ ਕੌਰ ਨੇ ਪੰਜਾਬ ਭਰ ਦੀਆਂ ਔਰਤਾਂ ਤੱਕ 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਨੂੰ ਪਹੁੰਚਾਉਣ ਵਿੱਚ ਸਤਿਕਾਰ ਸਖੀਆਂ ਅਤੇ ਸਮੁੱਚੇ ਮਹਿਲਾ ਵਿੰਗ ਦੇ ਸਮਰਪਿਤ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਭੈਣਾਂ ਸਿਰਫ਼ ਔਰਤਾਂ ਦੇ ਫਾਰਮ ਭਰਵਾਉਣ ਵਿੱਚ ਹੀ ਮਦਦ ਨਹੀਂ ਕਰ ਰਹੀਆਂ, ਸਗੋਂ ਉਨ੍ਹਾਂ ਦੀ ਜ਼ਿੰਦਗੀ ਬਦਲਣ ਵਿੱਚ ਇੱਕ ਵੱਡੇ ਸਹਾਰੇ ਦਾ ਸਰੋਤ ਬਣ ਰਹੀਆਂ ਹਨ। ਉਨ੍ਹਾਂ ਅੱਗੇ ਕਿਹਾ, "ਮਹਿਲਾ ਵਿੰਗ ਆਮ ਆਦਮੀ ਪਾਰਟੀ ਲਈ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੀ ਸਭ ਤੋਂ ਮਜ਼ਬੂਤ ਤਾਕਤ ਵਜੋਂ ਉੱਭਰਿਆ ਹੈ, ਜੋ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਸੱਤਾ ਵਿੱਚ ਵਾਪਸੀ ਨੂੰ ਯਕੀਨੀ ਬਣਾਉਣ ਲਈ ਸਭ ਤੋਂ ਅਹਿਮ ਭੂਮਿਕਾ ਨਿਭਾਏਗਾ।"

ਵਿਧਾਇਕਾ ਡਾ. ਅਮਨਦੀਪ ਕੌਰ ਨੇ ਕਿਹਾ, "ਤੁਸੀਂ ਉਹ ਭੈਣਾਂ ਹੋ ਜਿਨ੍ਹਾਂ ਨੇ ਆਪਣੀਆਂ ਗਲੀਆਂ ਅਤੇ ਮੁਹੱਲਿਆਂ ਵਿੱਚ ਔਰਤਾਂ ਦੇ ਫਾਰਮ ਭਰੇ ਅਤੇ ਉਨ੍ਹਾਂ ਦੀ ਜ਼ਿੰਦਗੀ ਬਦਲਣ ਵਿੱਚ ਮਦਦ ਕੀਤੀ। ਤੁਸੀਂ ਹਰ ਰੋਜ਼ ਅਨੇਕਾਂ ਔਰਤਾਂ ਦੀਆਂ ਲੋੜਾਂ ਮੁਤਾਬਕ ਉਨ੍ਹਾਂ ਦੀ ਮਦਦ ਕਰਦੀਆਂ ਹੋ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਨ ਵਿੱਚ ਆਪਣਾ ਪੂਰਾ ਯੋਗਦਾਨ ਪਾਉਂਦੀਆਂ ਹੋ। ਮੈਂ ਇਸ ਸਮਰਪਿਤ ਕਾਰਜ ਲਈ ਸਮੁੱਚੀ ਮਹਿਲਾ ਵਿੰਗ ਦੀ ਟੀਮ ਨੂੰ ਵਧਾਈ ਦਿੰਦੀ ਹਾਂ।"

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ ਇੱਕ ਹੋਰ ਵੱਡਾ ਉਪਰਾਲਾ ਹੈ ਜਿਸ ਰਾਹੀਂ ਭਗਵੰਤ ਸਿੰਘ ਮਾਨ ਸਰਕਾਰ ਨੇ ਔਰਤਾਂ ਦੇ ਮਾਣ-ਸਨਮਾਨ ਅਤੇ ਸਵੈ-ਮਾਣ ਨੂੰ ਵਧਾਇਆ ਹੈ। ਉਨ੍ਹਾਂ ਅੱਗੇ ਕਿਹਾ, "ਪਹਿਲਾਂ ਔਰਤਾਂ ਨੂੰ ਅਹੁਦੇ ਤਾਂ ਦਿੱਤੇ ਜਾਂਦੇ ਰਹੇ ਹਨ ਪਰ ਅਕਸਰ ਉਨ੍ਹਾਂ ਨੂੰ ਪਿੱਛੇ ਹੀ ਧੱਕ ਦਿੱਤਾ ਜਾਂਦਾ ਸੀ, ਜਦਕਿ ਮੌਜੂਦਾ ਸਰਕਾਰ ਨੇ ਆਮ ਜੀਵਨ, ਰੋਜ਼ਗਾਰ ਅਤੇ ਲੀਡਰਸ਼ਿਪ ਵਿੱਚ ਔਰਤਾਂ ਲਈ ਵੱਡੇ ਮੌਕੇ ਪੈਦਾ ਕੀਤੇ ਹਨ।"

ਆਪ ਵਿਧਾਇਕਾ ਨੇ ਪੁੱਛਿਆ, "ਮੈਨੂੰ ਦੱਸੋ, ਕੀ ਕਦੇ ਕਿਸੇ ਸਰਕਾਰ ਨੇ ਔਰਤਾਂ ਬਾਰੇ ਇੰਨਾ ਸੋਚਿਆ ਹੈ? ਇਹ ਪਹਿਲੀ ਸਰਕਾਰ ਹੈ ਜਿਸ ਨੇ ਔਰਤਾਂ ਬਾਰੇ ਇੰਨੇ ਧਿਆਨ ਨਾਲ ਸੋਚਿਆ ਹੈ। ਮੁਫ਼ਤ ਬਿਜਲੀ ਤੋਂ ਲੈ ਕੇ ਰਸੋਈ ਲਈ ਸਕੀਮਾਂ, ਸਾਡੇ ਬਜ਼ੁਰਗਾਂ ਲਈ ਤੀਰਥ ਯਾਤਰਾ ਦੀਆਂ ਸਹੂਲਤਾਂ, ਮੁਹੱਲਾ ਕਲੀਨਿਕਾਂ ਰਾਹੀਂ ਦਵਾਈਆਂ ਦਾ ਖ਼ਰਚਾ ਘਟਾਉਣ, 10 ਲੱਖ ਰੁਪਏ ਤੱਕ ਦੀ ਸਿਹਤ ਬੀਮਾ ਯੋਜਨਾ ਅਤੇ ਹੁਣ 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਤੱਕ, ਆਪ ਸਰਕਾਰ ਨੇ ਮੇਰੀਆਂ ਲੱਖਾਂ ਭੈਣਾਂ ਦੇ ਚਿਹਰਿਆਂ 'ਤੇ ਖੁਸ਼ੀ ਲਿਆਂਦੀ ਹੈ।"

ਵਿਧਾਇਕਾ ਡਾ. ਅਮਨਦੀਪ ਕੌਰ ਨੇ ਕਿਹਾ ਕਿ ਇਨ੍ਹਾਂ ਪਹਿਲਕਦਮੀਆਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਆਪ ਸਰਕਾਰ ਲੋਕਾਂ ਦੀ ਸਰਕਾਰ ਹੈ ਅਤੇ ਖ਼ਾਸ ਤੌਰ 'ਤੇ ਅਜਿਹੀ ਸਰਕਾਰ ਹੈ ਜੋ ਔਰਤਾਂ ਦੇ ਯੋਗਦਾਨ ਅਤੇ ਲੋੜਾਂ ਨੂੰ ਪਛਾਣਦੀ ਹੈ। ਉਨ੍ਹਾਂ ਅੱਗੇ ਕਿਹਾ, "ਮੌਜੂਦਾ ਸਰਕਾਰ ਅਧੀਨ ਔਰਤਾਂ ਨੂੰ ਵੱਡੀ ਨੁਮਾਇੰਦਗੀ ਅਤੇ ਮੌਕੇ ਦਿੱਤੇ ਗਏ ਹਨ, ਜਿਸ ਵਿੱਚ ਚੋਣ ਪ੍ਰਕਿਰਿਆ ਰਾਹੀਂ ਵੱਡੇ ਅਹੁਦੇ, ਰੋਜ਼ਗਾਰ ਅਤੇ ਮਹੱਤਵਪੂਰਨ ਪ੍ਰਸ਼ਾਸਕੀ ਜ਼ਿੰਮੇਵਾਰੀਆਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਔਰਤਾਂ ਨੂੰ ਅਹੁਦੇ ਦੇ ਕੇ ਪਿੱਛੇ ਬਿਠਾ ਦਿੱਤਾ ਜਾਂਦਾ ਸੀ, ਪਰ ਅੱਜ ਔਰਤਾਂ ਜ਼ਿੰਮੇਵਾਰੀ ਵਾਲੇ ਅਹੁਦਿਆਂ 'ਤੇ ਬਿਰਾਜਮਾਨ ਹਨ।"

ਵਿਧਾਇਕਾ ਡਾ. ਅਮਨਦੀਪ ਕੌਰ ਨੇ ਕਿਹਾ, "ਪੰਜਾਬ ਵਿੱਚ 11 ਮਹਿਲਾ ਵਿਧਾਇਕ ਹਨ ਅਤੇ ਆਪ ਸਰਕਾਰ ਨੇ ਔਰਤਾਂ ਨੂੰ ਬਣਦੀ ਨੁਮਾਇੰਦਗੀ ਦਿੱਤੀ ਹੈ। ਔਰਤਾਂ ਨੂੰ ਚੇਅਰਪਰਸਨ ਵਜੋਂ ਵੀ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ ਅਤੇ ਇੱਥੋਂ ਤੱਕ ਕਿ ਹੁਣ ਔਰਤਾਂ ਡੀ.ਸੀ. ਅਤੇ ਐਸ.ਐਸ.ਪੀ. ਵਰਗੇ ਵੱਡੇ ਅਹੁਦਿਆਂ 'ਤੇ ਵੀ ਤਾਇਨਾਤ ਹਨ।"

ਉਨ੍ਹਾਂ ਕਿਹਾ ਕਿ ਮਹਿਲਾ ਵਿੰਗ ਆਮ ਆਦਮੀ ਪਾਰਟੀ ਲਈ ਜ਼ਮੀਨੀ ਪੱਧਰ 'ਤੇ ਇੱਕ ਸ਼ਕਤੀਸ਼ਾਲੀ ਤਾਕਤ ਬਣ ਕੇ ਉੱਭਰਿਆ ਹੈ ਅਤੇ ਮੈਨੂੰ ਆਪਣੀ ਟੀਮ ਦੀ ਲਗਨ ਅਤੇ ਸਮਰਪਣ 'ਤੇ ਫ਼ਖ਼ਰ ਹੈ। ਉਨ੍ਹਾਂ ਕਿਹਾ, "ਮੈਨੂੰ ਆਪਣੀ ਸਮੁੱਚੀ ਮਹਿਲਾ ਵਿੰਗ ਦੀ ਟੀਮ 'ਤੇ ਮਾਣ ਹੈ ਕਿਉਂਕਿ ਜੇਕਰ 2027 ਦੀਆਂ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਲਈ ਕੋਈ ਸਭ ਤੋਂ ਮਜ਼ਬੂਤ ਸਿਪਾਹੀ ਬਣ ਕੇ ਕੰਮ ਕਰ ਰਿਹਾ ਹੈ, ਤਾਂ ਉਹ ਮੇਰੀ ਮਹਿਲਾ ਵਿੰਗ ਦੀ ਟੀਮ ਹੈ।"

ਆਪਣੇ ਸੰਬੋਧਨ ਵਿੱਚ ਕੈਬਨਿਟ ਮੰਤਰੀਆਂ ਅਮਨ ਅਰੋੜਾ ਅਤੇ ਹਰਭਜਨ ਸਿੰਘ ਈ.ਟੀ.ਓ. ਨੇ ਪੰਜਾਬ ਦੀ ਤਰੱਕੀ ਅਤੇ ਲੋਕਾਂ ਦੀ ਖ਼ੁਸ਼ਹਾਲੀ ਲਈ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਕੀਤੇ ਗਏ ਕਈ ਲੋਕ-ਪੱਖੀ ਉਪਰਾਲਿਆਂ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਦੂਰਅੰਦੇਸ਼ੀ ਫ਼ੈਸਲਿਆਂ ਰਾਹੀਂ ਸਮਾਜ ਦੇ ਹਰ ਵਰਗ ਦੀ ਭਲਾਈ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸ਼ਲਾਘਾ ਕੀਤੀ। ਕੈਬਨਿਟ ਮੰਤਰੀਆਂ ਅਮਨ ਅਰੋੜਾ ਅਤੇ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ, "ਪੰਜਾਬ ਦੇ ਸੂਝਵਾਨ ਅਤੇ ਨਿਡਰ ਲੋਕ ਸੂਬਾ ਸਰਕਾਰ ਦਾ ਡਟ ਕੇ ਸਮਰਥਨ ਕਰ ਰਹੇ ਹਨ, ਜਿਸ ਦੇ ਚਲਦਿਆਂ ਆਪ ਮੁੜ ਭਾਰੀ ਬਹੁਮਤ ਨਾਲ ਸੂਬੇ ਵਿੱਚ ਸਰਕਾਰ ਬਣਾਏਗੀ।"

ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਹਰਭਜਨ ਸਿੰਘ ਈ.ਟੀ.ਓ., ਕਈ ਵਿਧਾਇਕ ਅਤੇ ਹੋਰ ਪਤਵੰਤੇ ਹਾਜ਼ਰ ਸਨ।

Space available for Ad
Contact # +1 (209) 303-1260
Contact # +91 81463-20009

*In Loving Memory of*

# Ajit Singh Dosanjh



October 7, 1941 - August 19, 2026

**Funeral service:**

August 29, 2026 | at 9:00-11:00am

**247 North Broadway Turlock, CA 95380**

Sri Sehej Path Bhog & Antim Ardaas at Sikh Temple

**1391 5th St, Turlock CA 95380**

Contact Ajmer Singh Dosanjh:

(209) 216-7763


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

WE HAVE THE CHEAPEST FARES TO INDIA

# LEGEND TRAVEL

arc accredited agency

CST # 207524-40

Special Fares To India From West-coast (us) On Air India Direct Flights



JATINDER SINGH



## LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US

# (510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

# ਯਾਦਗਾਰੀ ਹੋ ਨਿਬੜਿਆ ਆਤਮ ਪਬਲਿਕ ਸਕੂਲ ਦਾ ਸਿਲਵਰ ਜੁਬਲੀ ਸਮਾਰੋਹ

## 25ਵੇਂ ਸਥਾਪਨਾ ਦਿਵਸ ਮੌਕੇ ਬੀਰ ਸਿੰਘ ਨੇ ਬੰਨ੍ਹਿਆ ਗਾਇਕੀ ਦਾ ਰੰਗ

ਅੰਮ੍ਰਿਤਸਰ
ਡਾ.ਰਜਿੰਦਰ ਰਿਖੀ

ਮਰਹੂਮ ਸ਼ਾਇਰ ਦੇਵ ਦਰਦ ਵੱਲੋਂ ਸਥਾਪਿਤ ਆਤਮ ਪਬਲਿਕ ਸਕੂਲ ਦਾ 25ਵਾਂ ਸਥਾਪਨਾ ਦਿਵਸ "ਅੰਬਰਾਂ ਨੂੰ ਛੂੰਹਦੇ ਪੰਝੀ ਵਰ੍ਹੇ" ਦੇ ਬੈਨਰ ਹੇਠ ਬੜੇ ਉਤਸ਼ਾਹ, ਸ਼ਾਨੋ-ਸ਼ੌਕਤ ਅਤੇ ਸੱਭਿਆਚਾਰਕ ਰੰਗ ਨਾਲ ਮਨਾਇਆ ਗਿਆ। ਆਏ ਅਦੀਬਾਂ ਦਾ ਸਵਾਗਤ ਕਰਦਿਆਂ ਸਕੂਲ ਦੇ ਡਾਇਰੈਕਟਰ ਪ੍ਰਤੀਕ ਸਹਿਦੇਵ ਅਤੇ ਪ੍ਰਿੰਸੀਪਲ ਅੰਕਿਤਾ ਸਹਿਦੇਵ ਕਿਹਾ ਕਿ 25 ਸਾਲਾਂ ਦਾ ਇਹ ਸਫ਼ਰ ਸੰਸਥਾ ਨਾਲ ਜੁੜੇ ਅਧਿਆਪਕਾਂ, ਵਿਦਿਆਰਥੀਆਂ, ਮਾਪਿਆਂ, ਸਾਬਕਾ ਵਿਦਿਆਰਥੀਆਂ ਅਤੇ ਸਮੂਹ ਸ਼ੁਭਚਿੰਤਕਾਂ ਦੇ ਸਹਿਯੋਗ ਦਾ ਨਤੀਜਾ ਹੈ। ਸਮਾਗਮ ਵਿੱਚ ਪੰਜਾਬੀ ਗਾਇਕ ਬੀਰ ਸਿੰਘ ਮੁੱਖ ਪ੍ਰਾਹੁਣਿਆਂ ਵਜੋਂ ਸ਼ਾਮਲ ਹੋਏ ਜਦਕਿ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਡਾ. ਮਨਜਿੰਦਰ ਸਿੰਘ, ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬ ਦੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਕਮਲ ਦੁਸਾਂਝ, ਕਹਾਣੀਕਾਰ ਦੀਪ ਦੇਵਿੰਦਰ ਸਿੰਘ, ਨਾਟਕਕਾਰ ਜਗਦੀਸ਼ ਸਚਦੇਵਾ, ਡਾ਼ ਬਲਜੀਤ ਰਿਆੜ, ਡਾ ਹੀਰਾ ਸਿੰਘ,ਗ਼ਜ਼ਲਗੋ ਐੱਸ ਨਸੀਮ,ਪੰਜਾਬ ਸਕੂਲ ਸਿਖਿਆ ਬੋਰਡ ਦੇ ਅਧਿਕਾਰੀ ਹਰਪ੍ਰੀਤ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਗਾਇਕ ਬੀਰ ਸਿੰਘ ਨੇ ਸੰਸਥਾ ਦੇ ਸੰਸਥਾਪਕ ਦੇਵ ਦਰਦ ਸਾਹਿਬ ਨੂੰ ਯਾਦ ਕਰਦਿਆਂ ਆਪਣੇ ਬਹੁਤ ਸਾਰੇ ਗੀਤ ਸਰੋਤਿਆਂ ਨਾਲ ਸਾਂਝੇ ਕੀਤੇ ਸਮਾਗਮ ਨੂੰ ਸਿਖਰ ਤੇ ਪੁੰਹਚਾਇਆ।ਡਾ ਮਨਜਿੰਦਰ ਸਿੰਘ ਨੇ ਸਮਾਗਮ ਦੀ ਸਰਾਹਨਾ ਕਰਦਿਆਂ ਕਿਹਾ ਕਿ ਦੇਵ ਦਰਦ ਸਾਹਬ ਦੀ ਸ਼ਾਇਰੀ ਅਤੇ ਬੀਰ ਸਿੰਘ ਦੀ ਗਾਇਕੀ ਤੋਂ ਅਜ ਦੀ ਨੌਜਵਾਨ ਪੀੜ੍ਹੀ ਨੂੰ ਸੇਧ ਲੈਣ ਦੀ ਜਰੂਰਤ ਹੈ ਜਿਹੜੀ ਮੱਨੁਖੀ ਮੰਨ ਨੂੰ ਸਹਿਜਤਾ ਬਖਸ਼ਦੀ ਹੈ।ਇਸ ਮੌਕੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਵੱਖ-ਵੱਖ ਸੱਭਿਆਚਾਰਕ ਪ੍ਰੋਗਰਾਮਾਂ ਨੇ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ। ਪੰਜਾਬੀ ਸੱਭਿਆਚਾਰ, ਲੋਕ-ਵਿਰਸੇ ਅਤੇ ਭਾਰਤੀ ਪਰੰਪਰਾਵਾਂ ਨੂੰ ਦਰਸਾਉਂਦੀਆਂ ਪੇਸ਼ਕਾਰੀਆਂ ਨੇ ਸਮਾਗਮ ਵਿੱਚ ਵਿਸ਼ੇਸ਼ ਰੰਗ ਭਰਿਆ।ਇਸ ਮੌਕੇ ਵੱਖ-ਵੱਖ ਖੇਤਰਾਂ ਵਿੱਚ ਪ੍ਰਾਪਤੀਆਂ ਕਰਨ ਵਾਲੇ ਸਕੂਲ ਦੇ ਪੁਰਾਣੇ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਆਏ ਮਹਿਮਾਨਾਂ ਨੇ ਵਿਦਿਆਰਥੀਆਂ ਨੂੰ ਸਿੱਖਿਆ ਦੇ ਨਾਲ-ਨਾਲ ਚੰਗੇ ਸੰਸਕਾਰ, ਮਿਹਨਤ, ਸਿਰਜਣਾਤਮਕਤਾ ਅਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਸਕੂਲ ਵੱਲੋਂ ਪਾਏ ਯੋਗਦਾਨ ਦੀ ਭਰਪੂਰ ਸਰਾਹਨਾ ਕੀਤੀ।ਮੋਹਿਤ ਸਹਿਦੇਵ ਅਤੇ ਕੋਮਲ ਸਹਿਦੇਵ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਮਾਗਮ ਜਿਥੇ ਪਿਛਲੇ 25 ਸਾਲਾਂ ਦੀਆਂ ਪ੍ਰਾਪਤੀਆਂ ਦਾ ਜਸ਼ਨ ਬਣਿਆ ਉਥੇ ਭਵਿੱਖ ਲਈ ਨਵੇਂ ਸੰਕਲਪਾਂ ਅਤੇ ਉਮੀਦਾਂ ਦਾ ਸੁਨੇਹਾ ਵੀ ਦੇ ਗਿਆ ਹੈ।ਇਸ ਮੌਕੇ ਸਤਿੰਦਰਬੀਰ ਸਿੰਘ, ਗੁਰਮੁਖ ਸਿੰਘ, ਅਸ਼ਵਨੀ ਕੁਮਾਰ, ਐਚ ਐਸ ਕਠਾਣੀਆ, ਮੈਡਮ ਤ੍ਰਿਪਤਾ, ਪਰਮਜੀਤ ਕੌਰ, ਸ਼ੁਬਾਸ਼,ਨਵਦੀਪ, ਕਿਰਨਜੋਤੀ, ਕੰਵਲਪ੍ਰੀਤ ਕੌਰ, ਮਿਨਾਕਸ਼ੀ, ਦਲਜੀਤ, ਅਧਿਆਪਕ, ਮਾਪੇ ਅਤੇ ਵਿਦਿਆਰਥੀ ਹਾਜਰ ਸਨ।













# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

## Drug and Alcohol Test

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**


**Services: DOT Random Prog., FMCSA Clearinghouse, DOT Supervisor Training, SAP Classes Etc.**

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com




Arrested ?
DUI ?
Drug Charges ?
Gun Violation ?
Ghuman Law Group
GLG
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001


Pal Films
Production
RED PRO 5.0
RED
All Your Photo/Videography &
Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com

SANJHI SOCH
ਜੰਗ ਸਿੰਘ ਮਰਸੰਡ (ਅਮਰੀਕਾ)
+1 415 603 7380



# ਆਮ ਆਦਮੀ ਪਾਰਟੀ ਭਾਜਪਾ ਦਾ ਰੂਪ ਹੈ! ਇਸ ਪਾਰਟੀ ਦੇ ਕੰਮ ਕਾਜ ਕਰਨ ਅਤੇ ਪਿਛੋਕੜ ਦੇ ਇਤਿਹਾਸ ਤੇ ਝਾਤ ਮਾਰਨ ਤੋਂ ਸੰਕੇਤ ਤਾਂ ਇਸ ਤਰ੍ਹਾਂ ਦੇ ਹੀ ਭਾਸ ਰਹੇ ਹਨ !!

ਆਮ ਆਦਮੀ ਪਾਰਟੀ ਜਿਸ ਨੂੰ ਹੋਂਦ ਵਿੱਚ ਆਇਆਂ ਹਾਲੇ 14 ਕੁ ਸਾਲ ਹੀ ਹੋਏ ਹਨ। ਇਸ ਪਾਰਟੀ ਦੇ ਮੁੱਢਲੇ ਸਮੇਂ ਤਾਂ ਇਹ ਸੰਕੇਤ ਮਿਲਦੇ ਸਨ ਕਿ ਇਸ ਪਾਰਟੀ ਦਾ ਸਰੂਪ ਤੇ ਕੰਮ ਕਾਜ ਕਰਨਾ ਦਾ ਤੌਰ ਤਰੀਕਾ ਦੂਸਰੀਆਂ ਰਾਜਨੀਤਕ ਪਾਰਟੀਆਂ ਤੋਂ ਨਿਵੇਕਲੀ ਕਿਸਮ ਦਾ ਹੋਵੇਗਾ ।ਪਰ ਹੋਇਆ ਇਸ ਤੋਂ ਬਿਲਕੁਲ ਉਲਟ ਇਸ ਦੇ ਫਾਊਂਡਰ ਮੈਂਬਰ ਚਾਹੇ ਸੁਪਰੀਮ ਕੋਰਟ ਦੇ ਸਿਰਕੱਢ ਵਕੀਲ ਸ੍ਰੀ ਪ੍ਰਸ਼ਾਂਤ ਕਿਸ਼ੋਰ ਸਨ ਜਿਨਾ ਂਨੇ ਪਾਰਟੀ ਲਈ ਇਕ ਕਰੋੜ ਰੁਪਏ ਦੀ ਰਾਸ਼ੀ ਵੀ ਦਿੱਤੀ ਸੀ , ਜਾਂ ਫਿਰ ਯੋਗਿੰਦਰ ਯਾਦਵ ਸਨ ਜਾਂ ਫਿਰ ਸ਼ਾਲਜੀਆ ਇਲਮੀ ਸਨ ਜਾਂ ਫਿਰ ਅਨੰਦ ਕੁਮਾਰ,ਅਜੀਤ ਝਾਅ ਆਦਿ ਸਭ ਇਕ ਇਕ ਕਰਕੇ ਇਸ ਪਾਰਟੀ ਤੋਂ ਕਿਨਾਰਾ ਕਰ ਗਏ ਸਨ। ਇਹ ਸਾਰੇ ਦੇ ਸਾਰੇ ਆਗੂ ਇਕ ਤਰਾਂ ਨਾਲ ਪਾਰਟੀ ਦੇ ਸੁਪਰੀਮੋ ਸ੍ਰੀ ਕੇਜਰੀਵਾਲ ਦੀਆਂ ਤਾਨਾਸ਼ਾਹੀ ਨੀਤੀਆਂ ਤੋਂ ਤੰਗ ਆ ਕੇ ਇਸ ਪਾਰਟੀ ਨੂੰ ਸਦਾ ਲਈ ਨਮਸਕਾਰ ਕਰਕੇ ਚਲੇ ਗਏ ਸਨ। ਇਥੇ ਹੀ ਬੱਸ ਨਹੀਂ ਸਾਲ 2014 ਵਿੱਚ ਜਦੋਂ ਇਸ ਪਾਰਟੀ ਨੇ ਪਹਿਲੀ ਲੋਕ ਸਭਾ ਦੀ ਚੋਣ ਲੜੀ ਸੀ ਜਿਸ ਵਿੱਚ ਖੁਦ ਪਾਰਟੀ ਸੁਪਰੀਮੋ ਸ੍ਰੀ ਕੇਜਰੀਵਾਲ ਨੇ ਭਾਜਪਾ ਦੇ ਸੰਭਾਵੀ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਵਿਰੁੱਧ ਲੋਕ ਸਭਾ ਦੀ ਚੋਣ ਲੜੀ ਸੀ। ਦੇਸ਼ ਭਰ ਵਿੱਚ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਕੇਜਰੀਵਾਲ ਸਮੇਤ ਸਾਰੇ ਦੇ ਸਾਰੇ ਮੈਂਬਰ ਹਾਰ ਗਏ ਸਨ ।ਉਸ ਵੇਲੇ ਭਾਰਤ ਦਾ ਇਕੋ ਇਕ ਨਿਵੇਕਲਾ ਸੂਬਾ 'ਪੰਜਾਬ' ਹੀ ਸੀ ਜਿਸ ਨੇ ਚਾਰ ਲੋਕ ਸਭਾ ਮੈਂਬਰ ਜਿੱਤਾ ਕੇ ਆਮ ਆਦਮੀ ਪਾਰਟੀ ਦੀ ਝੋਲੀ ਵਿੱਚ ਪਾ ਕੇ ਇਸ ਪਾਰਟੀ ਦੀ ਹੋਣ ਵਾਲੀ ਕਿਰਕਿਰੀ ਤੋਂ ਬਚਾਇਆ ਸੀ। ਉਹ ਗੱਲ ਵੱਖਰੀ ਸੀ ਕਿ ਬੜੀ ਜਲਦੀ ਪੰਜਾਬ ਦੇ ਵੀ ਤਿੰਨ ਲੋਕ ਸਭਾ ਮੈਂਬਰ ਜਿਨਾਂ ਵਿੱਚ ਡਾ ਧਰਮਵੀਰ ਗਾਂਧੀ ਜਿਹੜੇ ਪਟਿਆਲੇ ਤੋਂ ਲੋਕ ਸਭਾ ਜਿੱਤੇ ਸ਼ਾਮਲ ਸਨ ਸ੍ਰੀ ਕੇਜਰੀਵਾਲ ਦੀਆਂ ਨੀਤੀਆਂ ਤੋਂ ਪਰੇਸ਼ਾਨ ਹੋ ਕੇ ਇਸ ਪਾਰਟੀ ਨੂੰ ਅਲਵਿਦਾ ਕਹਿ ਗਏ ਸਨ ।ਆਮ ਆਦਮੀ ਪਾਰਟੀ ਕੋਲ ਸਿਰਫ ਤੇ ਸਿਰਫ ਇਕੋ ਇਕ ਲੋਕ ਸਭਾ ਮੈਂਬਰ ਸ੍ਰ ਭਗਵੰਤ ਸਿੰਘ ਮਾਨ ਹੀ ਰਹਿ ਗਏ ਸਨ। ਇਸ ਆਮ ਆਦਮੀ ਪਾਰਟੀ ਨਾਲ ਤਾਂ ਇਹ ਹੋਈ ਕਹੀ ਜਾ ਸਕਦੀ ਕਿ "ਸਿਰ ਮੁੰਢਾਂਤੇ ਹੀ ਔਲੇ ਪੜ੍ਹੇ"! ਕਿਸੇ ਨੂੰ ਵੀ ਇਸ ਗੱਲ ਦਾ ਰਤੀ ਭਰ ਵੀ ਅੰਦਾਜਾ ਨਹੀਂ ਸੀ ਕਿ ਇੰਨੀ ਜਲਦੀ ਇਹ ਪਾਰਟੀ ਆਪਣੀ ਹੋਂਦ ਨੂੰ ਮਿਟਾਉਣ ਵੱਲ ਚਲੀ ਜਾਵੇਗੀ ।ਇਸ ਵੇਲੇ ਸਾਰੇ ਭਾਰਤ ਵਿੱਚ ਸਿਰਫ ਹੁਣ ਇਕੋ ਇਕ ਸੂਬਾ 'ਪੰਜਾਬ' ਹੀ ਰਹਿ ਗਿਆ ਹੈ ਜਿਥੇ ਆਮ ਆਦਮੀ ਪਾਰਟੀ ਦੀ ਸਰਕਾਰ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਰਾਜ ਕਰ ਰਹੀ ਹੈ। ਅਸਲ ਵਿੱਚ ਇਥੇ ਪੰਜਾਬ ਵਿੱਚ ਵੀ ਰਾਜ ਇਕ ਤਰਾਂ ਦਾ ਪਾਰਟੀ ਸੁਪਰੀਮੋ ਸ੍ਰੀ ਕੇਜਰੀਵਾਲ ਹੀ ਕਰ ਰਿਹਾ ਹੈ ,ਸ੍ਰ ਭਗਵੰਤ ਸਿੰਘ ਮਾਨ ਤਾਂ ਸਿਰਫ ਇਕ ਨਾਂ ਦਾ ਹੀ ਨਾਮ ਧਰੀਕ ਮੁੱਖ ਮੰਤਰੀ ਹੈ ।ਜੋ ਇਹ ਪ੍ਰਭਾਵ ਦੇ ਰਿਹਾ ਹੈ ਕਿ ਜਿਵੇਂ "ਉਸ ਨੂੰ ਪੰਜਾਬੀਆਂ ਨੇ ਨਹੀਂ, ਦਿੱਲੀ ਵਾਲਿਆਂ ਨੇ ਜਿਤਾ ਕੇ ਪੰਜਾਬ ਦਾ ਮੁੱਖ ਮੰਤਰੀ ਬਣਾਇਆ ਹੋਵੇ"! ਪੰਜਾਬ ਵਿੱਚ ਸਭ ਕੁਝ ਜੋ ਕੁਝ ਵੀ ਹੋ ਰਿਹਾ ਹੈ ਉਹ ਦਿੱਲੀ ਵਾਲਿਆਂ ਦੇ ਇਸ਼ਾਰੇ ਤੇ ਹੀ ਹੋ ਰਿਹਾ ਹੈ। ਜੋ ਇਹ ਪ੍ਰਭਾਵ ਦੇ ਰਿਹਾ ਹੈ ਜੇਕਰ ਪੰਜਾਬ ਵਿੱਚ ਕੋਈ ਹੋਰ ਮਜਬੂਤ ਪਾਰਟੀ ਉਭਰ ਕੇ ਆ ਗਈ ਤਾਂ ਇਸ ਆਮ ਆਦਮੀ ਪਾਰਟੀ ਦਾ ਵੀ ਸਾਰੇ ਭਾਰਤ ਵਿੱਚੋਂ ਸਫਾਇਆ ਹੋ ਜਾਵੇਗਾ। ਸੰਸਾਰ ਭਰ ਤੇ ਵਿਸ਼ੇਸ਼ ਕਰਕੇ ਪੰਜਾਬ ਦੇ ਚਿੰਤਕਾਂ ਵਲੋਂ ਇਹ ਲਗਾਤਾਰ ਕਿਹਾ ਜਾ ਰਿਹਾ ਸੀ ਕਿ ਆਮ ਆਦਮੀ ਪਾਰਟੀ ਭਾਜਪਾ ਦੀ "ਬੀ" ਟੀਮ ਹੈ ।ਉਹ ਹੁਣ ਇਸ ਪਾਰਟੀ ਦੇ ਪਿਛਲੇ ਕੰਮ ਕਾਜ ਤੇ ਜੇ ਪੰਛੀ ਝਾਤ ਮਾਰੀਏ ਤਾਂ ਝਲਕ ਇਹ ਹੀ ਪੈ ਰਹੀ ਹੈ ਜੋ ਠੀਕ ਹੀ ਲਗ ਰਹੀ ਹੈ।

ਜਿਸ ਦਾ ਪਰੀਮਾਣ ਭਾਜਪਾ ਵਲੋਂ ਜਦੋਂ ਜੰਮੂ ਕਸ਼ਮੀਰ ਦੇ ਮੁਸਲਮਾਨਾਂ ਨੂੰ ਅਜਾਦੀ ਤੋਂ ਤੁਰੰਤ ਬਾਅਦ ਮਿਲੇ ਸੰਵਿਧਾਨਕ ਵਿਸ਼ੇਸ਼ ਅਧਿਕਾਰਾਂ ਧਾਰਾ 370 ਤੇ 35 ਏ ਨੂੰ ਜੋਰ ਤੇ ਜਬਰ ਨਾਲ ਖੋਹ ਲਿਆ ਗਿਆ ਤਾਂ ਉਸ ਵੇਲੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਨੇ ਭਾਜਪਾ ਵਲੋਂ ਕੀਤੇ ਇਸ ਫੈਸਲੇ ਦੀ ਡੱਟ ਕੇ ਹਮਾਇਤ ਕੀਤੀ ਸੀ। ਉਪਰੰਤ ਭਾਜਪਾ ਨੇ ਐਨ.ਆਰ.ਸੀ. ਆਦਿ ਅਜਿਹੇ ਹੋਰ ਕਈ ਕਾਨੂੰਨ ਲਿਆਂਦੇ ।ਆਮ ਆਦਮੀ ਪਾਰਟੀ ਨੇ ਉਨਾਂ ਸਭਨਾਂ ਵਿੱਚ ਵੀ ਭਾਜਪਾ ਦੀ ਡੱਟ ਕੇ ਹਮਾਇਤ ਕੀਤੀ ਸੀ। ਇਹ ਹੀ ਨਹੀਂ ਜਦੋਂ ਦਿੱਲੀ ਦੇ ਸ੍ਰੀ ਕੇਜਰੀਵਾਲ ਮੁੱਖ ਮੰਤਰੀ ਸਨ ਉਸ ਵੇਲੇ ਮੁਸਲਮਾਨਾਂ ਤੇ ਭਾਜਪਾ ਵਲੋਂ ਕੀਤੇ ਜੁਲਮ ਵਿਰੁੱਧ ਉਹ ਦਿੱਲੀ ਦੇ ਜਹੀਨ ਬਾਗ ਵਿਖੇ ਧਰਨਾ ਲਗਾ ਕੇ ਕਾਫੀ ਸਮਾਂ ਰੋਸ ਪ੍ਰਗਟਾਉਂਦੇ ਰਹੇ ਸਨ ਉਸ ਵੇਲੇ ਦਿੱਲੀ ਦੇ ਮੁੱਖ ਮੰਤਰੀ ਸ੍ਰੀ ਕੇਜਰੀਵਾਲ ਉਨਾਂ ਨਾਲ ਹਮਦਰਦੀ ਪ੍ਰਗਟ ਕਰਨ ਲਈ ਨਾ ਪੁਜੱਣਾ ਵੀ ਤਸਦੀਕ ਕਰ ਰਿਹਾ ਹੈ ਕਿ ਭਾਜਪਾ ਦੀ ਤਰਾਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਕੇਜਰੀਵਾਲ ਵੀ ਮੁਸਲਿਮ ਵਿਰੋਧੀ ਚਲਿਆ ਆ ਰਿਹਾ ਹੈ ਜਿਵੇਂ ਭਾਜਪਾ ਦਾ ਕੇਂਦਰੀ ਸਰਕਾਰ ਸੰਭਾਲਣ ਉਪਰੰਤ ਵਤੀਰਾ ਮੁਸਲਿਮ ਵਿਰੋਧੀ ਹੈ! ਪਾਰਟੀ ਸੁਪਰੀਮੋ ਨੇ ਪੰਜਾਬ ਵਿੱਚੋਂ ਜਿਨੇ ਵੀ ਰਾਜ ਸਭਾ ਜਾਂ ਫਿਰ ਲੋਕ ਸਭਾ ਦੇ ਮੈਂਬਰ ਬਣਾਏ ਹਨ ਉਹ ਲਗ ਭਗ ਸਾਰੇ ਦੇ ਸਾਰੇ ਕੇਜਰੀਵਾਲ ਦੇ ਚਾਪਲੂਸ ਤੇ ਜੀ ਹਜੂਰੀਏ ਹੀ ਬਣਾਏ ਗਏ ਹਨ । ਜੋ ਕੁਝ ਸਮਾਂ ਪਹਿਲਾਂ ਉਸੇ ਦੇ ਇਸ਼ਾਰੇ ਤੇ ਹੀ ਪੰਜਾਬ ਦੇ ਲਗ ਭਗ ਸਾਰੇ ਦੇ ਸਾਰੇ ਰਾਜ ਸਭਾ ਤੇ ਲੋਕ ਸਭਾ ਮੈਂਬਰ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ ।ਆਮ ਆਦਮੀ ਪਾਰਟੀ ਦੇ ਮੈਂਬਰ ਹੁੰਦਿਆਂ ਇਨਾਂ ਮੈਂਬਰਾਂ ਵਿੱਚੋਂ ਕਿਸੇ ਇਕ ਨੇ ਵੀ ਪੰਜਾਬ ਦੇ ਕਿਸੇ ਮੁੱਦੇ ਨੂੰ ਜੋਰਦਾਰ ਢੰਗ ਨਾਲ ਨਾ ਉਠਾਇਆ। ਉਨਾਂ ਦਾ ਹੱਲ ਕਰਾਉਣਾ ਤਾਂ ਬੜੀ ਦੂਰ ਦੀ ਗੱਲ ਹੈ।

ਤੁਹਾਡੇ ਸਭ ਦੇ ਸਾਹਮਣੇ ਹੈ ਪੰਜਾਬ ਵਿੱਚ ਆਮ ਆਦਮੀ ਪਾਰਟੀ ਵਲੋਂ ਰਾਜ ਸਰਕਾਰ ਵਿੱਚ ਬੜਾ ਅਸਰ ਰਸੂਖ ਰੱਖਣ ਵਾਲੇ ਸ੍ਰੀ ਰਾਘਵ ਚੱਡਾ ਤੇ ਸ੍ਰੀ ਸੰਦੀਪ ਪਾਠਕ ਨੂੰ ਭਾਰਤੀ ਜੰਨਤਾ ਪਾਰਟੀ ਦੇ ਲੀਡਰਾਂ ਨੇ ਪੰਜਾਬ ਦੇ ਲੀਡਰ ਬਣਾਇਆ ਹੈ ਕਿਉਂ ਕਿ ਉਹ ਪੰਜਾਬ ਦੀ ਸਾਰੀ ਦੀ ਸਾਰੀ ਲੀਡਰਸ਼ਿਪ ਨੂੰ ਬੜੀ ਚੰਗੀ ਤਰਾਂ ਜਾਣਦੇ ਹਨ ਜੋ 2027 ਵਿੱਚ ਹੋਣ ਵਾਲੀ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਲਈ ਬੜੇ ਵੱਡੇ ਮਦੱਦਗਾਰ ਸਾਬਿਤ ਹੋ ਸਕਦੇ ਹਨ। ਪੰਜਾਬ ਦੇ ਲੋਕ ਸ਼ੁਰੂ ਤੋਂ ਹੀ ਬੜੇ ਭੋਲੇ ਭਾਲੇ ਸੁਭਾਅ ਵਾਲੇ ਰਹੇ ਹਨ। ਇਹ ਝੱਟ ਹੀ ਪਿਆਰ ਭਰੀਆਂ ਗੱਲਾਂ ਤੋਂ ਪ੍ਰਭਾਵਿਤ ਹੋ ਜਾਂਦੇ ਹਨ। ਇਹ ਵੀ ਸ੍ਰੀ ਅਰਵਿੰਦ ਕੇਜਰੀਵਾਲ ਦੀਆਂ ਮੋਮੋਠੱਗਣੀਆਂ ਗੱਲਾਂ ਵਿੱਚ ਆ ਕੇ ਫੱਸ ਗਏ ਸਨ। ਪੰਜਾਬ ਦੇ ਕੁਝ ਚਿੰਤਕਾਂ ਵਲੋਂ ਕਹੀ ਹੋਈ ਗੱਲ ਜਿਸ ਤੇ ਪਹਿਲਾਂ ਪੰਜਾਬੀ ਯਕੀਨ ਨਹੀਂ ਸੀ ਕਰਦੇ ਕਿ ਆਮ ਆਦਮੀ ਪਾਰਟੀ ਭਾਜਪਾ ਦੀ 'ਬੀ' ਟੀਮ ਹੈ ਉਹ ਇਨ ਬਿਨ ਹੁਣ ਸਹੀ ਪ੍ਰਤੀਤ ਹੋਣ ਲਗ ਪਈ ਹੈ। ਉਹ ਤਾਂ ਇਹ ਵੀ ਕਹਿ ਰਹੇ ਹਨ ਕਿ ਕੇਜਰੀਵਾਲ ਇੰਨਾ ਸ਼ਾਤਰ ਤੇ ਚਲਾਕ ਹੈ ਕਿ ਇਸ ਨੇ ਬੜੀ ਹੁਸ਼ਿਆਰੀ ਨਾਲ ਕਿ ਕਿਸੇ ਨੂੰ ਪਤਾ ਤਕ ਨਾ ਲਗੇ ,ਪੰਜਾਬ ਨੂੰ ਪਹਿਲਾਂ ਹੀ ਭਾਜਪਾ ਦੇ ਹਵਾਲੇ ਕਰ ਰਖਿਆ ਹੈ।

ਤੁਸੀ ਇਹ ਵੀ ਜਰਾ ਧਿਆਨ ਦਿਉ ਕਿ ਭਾਜਪਾ ਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਦੋਵੇਂ ਕੱਟੜ ਹਿੰਦੂ ਧਰਮ ਦੇ ਅਨੁਆਈ ਤੇ ਪ੍ਰਸੰਸਕ ਹਨ। ਜੇ ਭਾਜਪਾ ਵਾਲੇ 'ਰਾਮ ਦੇ ਪੁਜਾਰੀ' ਹਨ ਤਾਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ 'ਹੰਨੂਮਾਨ' ਦੇ ਪੁਜਾਰੀ ਹਨ। ਦੇਸ਼ ਦੇ ਲੋਕਾਂ ਨੂੰ ਯਾਦ ਹੋਵੇਗਾ ਜਦੋਂ ਸ੍ਰੀ ਕੇਜਰੀਵਾਲ ਦਿੱਲੀ ਦੀ ਜੇਲ੍ਹ ਤੋਂ ਰਿਹਾ ਹੋ ਕੇ ਆਇਆ ਸੀ ਤਾਂ ਇਸ ਨੇ ਪਾਰਟੀ ਦੇ ਸਮੂਹ ਵਰਕਰਾਂ ਜਿਨਾਂ ਵਿੱਚ ਸਿੱਖ ਮੁਸਲਮਾਨ ਤੇ ਹੋਰ ਧਰਮਾਂ ਦੇ ਲੋਕ ਸਨ ਸਭ ਨੂੰ ਸੰਬੋਧਨ ਕਰਨ ਲਈ ਕਿਸੇ ਮੈਦਾਨ ਵਿੱਚ ਸੱਦਣ ਦੀ ਬਜਾਏ ਹਨੂੰਮਾਨ ਮੰਦਰ ਵਿੱਚ ਬੁਲਾਇਆ ਸੀ । ਹੋਰ ਵੇਖੋ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਧਾਰਮਿਕ ਅਸਥਾਨਾਂ ਦੀ ਮੁੱਫਤ ਯਾਤਰਾ ਕਰਾਈ ਜਾ ਰਹੀ ਹੈ। ਉਸ ਵਿੱਚ ਬਹੁਤੇ ਧਾਰਮਿਕ ਅਸਥਾਨ ਸਿਰਫ ਹਿੰਦੂ ਧਰਮ ਨਾਲ ਹੀ ਸਬੰਧਤ ਹਨ ਸਿਰਫ ਇਕ ਧਾਰਮਿਕ ਅਸਥਾਨ ਸਿੱਖ ਧਰਮ ਨਾਲ ਸਬੰਧਤ ਹੈ। ਬਾਕੀ ਧਰਮਾਂ ਮੁਸਲਮਾਨਾਂ ,ਈਸਾਈਆਂ ਆਦਿ ਕਈ ਹੋਰ ਧਾਰਮਿਕ ਵਿਚਾਰਾਂ ਦੇ ਲੋਕਾਂ ਦੇ ਧਾਰਮਿਕ ਅਸਥਾਨਾਂ ਵੱਲ ਸਰਕਾਰ ਦਾ ਕੋਈ ਧਿਆਨ ਨਹੀਂ। ਜੇਕਰ ਭਾਜਪਾ ਵਾਲੇ ਬਾਬਰੀ ਮਸਜਿਦ ਨੂੰ ਤੋੜ ਕੇ 'ਰਾਮ ਮੰਦਰ' ਬਣਾ ਕੇ ਰਾਮ ਦੇ ਪੁਜਾਰੀ ਬਣੇ ਹਨ ਤਾਂ ਆਮ ਆਦਮੀ ਪਾਰਟੀ ਵਾਲੇ 'ਇਕ ਸ਼ਾਮ ,ਸ਼ਿਵ ਕੇ ਨਾਮ' ਅਤੇ 'ਹਮਾਰੇ ਰਾਮ' ਨਾਮ ਤੇ ਰੱਖ ਕੇ ਉਨਾਂ ਦੀ ਪੂਜਾ ਕਰਨ ਦੀ ਤਿਆਰੀ ਵਿੱਚ ਹਨ। ਜਿਸ ਤੋਂ ਸਪਸ਼ਟ ਹੈ ਕਿ ਦੋਵੇਂ ਪਾਰਟੀਆਂ ਭਾਜਪਾ ਤੇ ਆਮ ਆਦਮੀ ਪਾਰਟੀ (ਜਿਹੜੀ ਸਿਰਫ ਤੇ ਸਿਰਫ ਸ੍ਰੀ ਕੇਜਰੀਵਾਲ ਦੇ ਇਸ਼ਾਰੇ ਤੇ ਚਲਦੀ ਹੈ) ਕੱਟੜ ਹਿੰਦੂਆਂ ਦੀਆਂ ਪਾਰਟੀਆਂ ਹਨ ਤੇ ਦੋਹਾਂ ਦਾ ਨਿਸ਼ਾਨਾ ਵੀ ਇਕ ਹੈ ਜੋ ਦੇਸ਼ ਨੂੰ 'ਹਿੰਦੂ ਰਾਸ਼ਟਰ' ਬਣਾਉਣਾ ਪ੍ਰਤੀਤ ਹੋ ਰਹੀਆਂ ਹਨ ।ਹੁਣ ਬੰਦੀ ਸਿੰਘਾਂ ਦੀ ਗੱਲ ਕਰ ਲਓ ਬੀਤੇ ਸਮੇਂ ਸਿੱਖਾਂ ਦੇ ਇਕ ਮਹਾਨ ਧਾਰਮਿਕ ਸਮਾਗਮ ਵਿਖੇ ਸੰਬੋਧਨ ਕਰਨ ਲਈ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਆਏ ਸਨ ਉਨਾਂ ਨੇ ਆਪਣੇ ਭਾਸ਼ਨ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਦਾ ਐਲਾਨ ਕੀਤਾ ਸੀ ਕੀ ਉਸ ਤੇ ਫੁੱਲ ਚੜਾਏ ਗਏ ।ਦਿੱਤੀਆ ਸਜਾਵਾਂ ਤੋਂ ਵੀ ਦੂਹਰੀਆਂ ਸਜਾਵਾਂ ਭੁਗਤਣ ਦੇ ਬਾਵਜੂਦ ਸਿੱਖ ਕੈਦੀਆਂ ਨੂੰ ਨਹੀਂ ਛਡਿਆ ਗਿਆ ਬਲਕਿ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੇ ਇਹ ਕਹਿ ਕੇ 'ਅਗਰ ਮੁਆਫੀ ਨਹੀਂ, ਤੋ ਰਿਹਾਈ ਭੀ ਨਹੀਂ'ਪੱਕੇ ਤੌਰਤੇ ਦੇਣੀ ਰੱਦ ਕਰ ਦਿੱਤੀ ਹੈ ਇਸੇ ਕਰਕੇ ਹੁਣ ਤਕ ਬੰਦੀ ਸਿੰਘ ਰਿਹਾ ਨਹੀਂ ਕੀਤੇ ਗਏ।

ਹੋਰ ਤੇ ਹੋਰ ਪਿਛਲੇ 31-32 ਸਾਲਾ ਤੋਂ ਇਕ ਵਾਰੀ ਵੀ ਪੈਰੋਲ ਨਾ ਮਿਲਣ ਦੇ ਬਾਵਜੂਦ ਸ੍ਰ ਹਵਾਰਾ ਜੇਲ੍ਹ ਵਿੱਚ ਬੰਦ ਹਨ ਜਦੋਂ ਕਿ ਉਨਾਂ ਦੀ ਮਾਤਾ ਪਿਛਲੇ ਸਮੇਂ ਤੋਂ ਮਰਨ ਕਿਨਾਰੇ "ਕੌਮਾ" ਵਿੱਚ ਆਪਣੀ ਜਿੰਦਗੀ ਦੇ ਅੰਤਲੇ ਸਾਹਾਂ ਤੇ ਹਨ,ਪਤਾ ਨਹੀਂ ਕਦੋਂ ਉਹ ਇਸ ਸੰਸਾਰ ਤੋਂ ਸਦਾ ਲਈ ਚਲੇ ਜਾਣ ।ਸ੍ਰ ਹਵਾਰਾ ਨੂੰ ਇਸ ਹਾਲਤ ਵਿੱਚ ਵੀ ਆਪਣੀ "ਮਾਤਾ" ਨੂੰ ਨਹੀਂ ਮਿਲਣ ਦਿੱਤਾ ਜਾ ਰਿਹਾ ਜਦੋਂ ਕਿ ਦੂਸਰੇ ਪਾਸੇ ਹਰਿਆਣੇ ਦੀ ਸ੍ਰੀ ਨਾਇਬ ਸਿੰਘ ਸੈਣੀ ਦੀ ਭਾਜਪਾ ਸਰਕਾਰ ਇਕ ਕਤਲ ਤੇ ਕਈ ਬਲਾਤਕਾਰ ਕੇਸਾਂ ਦੀ ਸਜਾ ਭੁਗੱਤ ਰਹੇ 'ਸੌਦੇ ਸਾਧ' ਨੂੰ ਧੜਾ ਧੜ ਪੈਰੋਲ ਦਿੱਤੀ ਜਾ ਰਹੀ ਹੈ।

ਜੋ ਹੁਣ ਤਕ 19 ਵਾਰ ਪੈਰੋਲ ਲੈ ਚੁੱਕਾ ਹੈ ।ਉਸ ਸੌਦੇ ਸਾਧ ਬਾਰੇ ਤਾਂ ਇਹ ਕਿਹਾ ਜਾ ਰਿਹਾ ਹੈ ਕਿ ਉਸ ਸੌਦੇ ਵਾਲੇ ਸਾਧ ਨੂੰ ਜੇਲ੍ਹ ਵਿੱਚ ਵੀ ਉਹ ਸਭ ਸਹੂਲਤਾਂ ਮਿਲ ਰਹੀਆਂ ਹਨ ਜੋ ਉਸ ਕੋਲ ਬਾਹਰ ਰਹਿ ਕੇ ਪ੍ਰਾਪਤ ਹੁੰਦੀਆਂ ਹਨ। ਇਥੇ ਇਕ ਗੱਲ ਦਾ ਹੋਰ ਵਰਨਣ ਕਰਨਾ ਬਣਦਾ ਹੈ ਕਿ ਜਦੋਂ ਸ੍ਰੀ ਅਰਵਿੰਦ ਕੇਜਰੀਵਾਲ ਦਿੱਲੀ ਦੇ ਮੁੱਖ ਮੰਤਰੀ ਸਨ ਉਸ ਸਮੇਂ ਵੀ ਸ੍ਰ ਹਵਾਰਾ ਨੂੰ ਰਿਹਾ ਕੀਤੇ ਜਾਣ ਦਾ ਮਸਲਾ ਆਇਆ ਸੀ ਪਰ ਉਸ ਸਮੇਂ ਵੀ ਸ੍ਰੀ ਕੇਜਰੀਵਾਲ ਨੇ ਰਿਹਾ ਕਰਨ ਤੋਂ ਨਾਂਹ ਕਰ ਦਿੱਤੀ ਸੀ। ਜਦੋਂ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਸ੍ਰੀ ਰਾਜੀਵ ਗਾਂਧੀ ਦੇ ਕਾਤਲ ਜਿਹੜੇ ਉਮਰ ਕੈਦ ਕੱਟ ਰਹੇ ਸਨ ਉਨਾਂ ਦੀ ਸਜਾ ਮੁਆਫ ਕਰਕੇ ਉਨਾਂ ਸਭਨਾਂ ਨੂੰ ਰਿਹਾ ਕੀਤਾ ਹੋਇਆ ਹੈ ।ਭਾਜਪਾ ਸਰਕਾਰ ਬਲਾਤਕਾਰੀ ਤੇ ਉਮਰ ਕੈਦ ਭੁਗਤ ਰਹੇ ਕੈਦੀਆਂ ਨੂੰ ਤਾਂ ਰਿਹਾ ਵੀ ਕਰ ਸਕਦੀ ਤੇ ਪੈਰੋਲ ਵੀ ਦੇ ਸਕਦੀ ਹੈ। ਪਰ ਤਿੰਨ ਦਹਾਕਿਆਂ ਤੋਂ ਵਧੇਰੇ ਸਮੇਂ ਤੋਂ ਜੇਲ੍ਹ ਵਿੱਚ ਬੰਦ ਪਏ ਕੈਦੀ ਜਿਸ ਨੇ ਨਿਸਚਿਤ ਸਜਾ ਤੋਂ ਵੀ ਦੁੱਗਣੀ ਤੋਂ ਕਿਤੇ ਵਧੇਰੇ ਸਜਾ ਭੁੱਗਤ ਲਈ ਹੈ ਸ੍ਰ ਹਵਾਰਾ ਨੂੰ ਪੈਰੋਲ ਨਹੀਂ ਦਿੱਤੀ ਜਾ ਰਹੀ। ਕਹਿਣ ਨੂੰ ਤਾਂ ਪੰਜਾਬ ਵਿੱਚ ਰਾਜ ਸਿੱਖ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਕਰ ਰਿਹਾ ਹੈ ਪਰ ਉਸ ਦੇ ਹੱਥ ਵੱਸ ਕੁਝ ਨਹੀਂ ਅਸਲ ਕਰਤਾ ਧਰਤਾ ਤਾਂ ਪਾਰਟੀ ਸੁਪਰੀਮੋ ਸ੍ਰੀ ਕੇਜਰੀਵਾਲ ਹੈ ।ਪੰਜਾਬ ਵਿੱਚ ਪੜਾਅ ਪੜਾਅ ਤੇ ਪੰਜਾਬੀਆਂ ਨਾਲ ਧੱਕਾ ਤੇ ਬੇਇਨਸਾਫੀ ਹੋ ਰਹੀ ਹੈ। ਪਰ ਪੰਜਾਬ ਦਾ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਤਾਂ ਅੱਖਾਂ ਵਿੱਚ ਘਸੁੰਨ ਦੇ ਕੇ ਖਾਮੋਸ਼ ਬੈਠਾ ਹੈ ।ਪੰਜਾਬ ਦੀਆਂ ਨੌਕਰੀਆਂ ਦਾ ਮਸਲਾ ਹੀ ਲੈ ਲਓ ਪੰਜਾਬ ਦੇ ਨੌਜੁਆਨਾਂ ਦੀਆਂ ਨੌਕਰੀਆਂ ਹਰਿਆਣਾ ,ਹਿਮਾਚਲ , ਦਿੱਲੀ ਤੇ ਰਾਜਿਸਥਾਨ ਦੇ ਨੌਜੁਆਨਾਂ ਨੂੰ ਦਿੱਤੀਆਂ ਗਈਆਂ ਹਨ ਜਦੋਂ ਕਿ ਪੰਜਾਬ ਦੇ ਨੌਜੁਆਨਾਂ ਨੂੰ ਨੌਕਰੀਆਂ ਲਈ ਵਿਦੇਸ਼ਾਂ ਵਿੱਚ ਲੱਖਾਂ ਰੁਪਏ ਖਰਚ ਕੇ ਜਾਣਾ ਪੈ ਰਿਹਾ ਹੈ ।ਹੁਣ ਤਾਂ ਵਿਦੇਸ਼ਾਂ ਵਿੱਚ ਵੀ ਪੰਜਾਬੀਆਂ ਨੂੰ ਡੀਪੋਟ ਕਰਕੇ ਪੰਜਾਬ ਵਿੱਚ ਭੇਜਿਆ ਜਾ ਰਿਹਾ ਹੈ। ਪੰਜਾਬ ਦੇ ਲੋਕਾਂ ਤੇ ਵਿਸ਼ੇਸ਼ ਕਰਕੇ ਵਿਧਾਨ ਸਭਾ ਮੈਂਬਰਾਂ ਨੇ ਕਈ ਵਾਰੀ ਪੰਜਾਬ ਦੇ ਮੁੱਖ ਮੰਤਰੀ ਕੋਲੋਂ ਮੰਗ ਕੀਤੀ ਹੈ ਕਿ ਪੰਜਾਬ ਵਿਧਾਨ ਸਭਾ ਵਿੱਚ ਮਤਾ ਪਾਸ ਕੀਤਾ ਜਾਵੇ ਜਿਸ ਤਹਿਤ ਨਾ ਤਾਂ ਗੈਰ ਪੰਜਾਬੀ ਪੰਜਾਬ ਵਿੱਚ ਜਮੀਨ ਖ੍ਰੀਦ ਸਕੇ ਨਾ ਹੀ ਅਧਾਰ ਕਾਰਡ ਜਾਂ ਵੋਟਾਂ ਬਣਾ ਸਕੇ ਪਰ ਸ੍ਰ ਭਗਵੰਤ ਸਿੰਘ ਮਾਨ ਦੀ ਸਰਕਾਰ ਕੇਜਰੀਵਾਲ ਨੂੰ ਖੁਸ਼ ਕਰਨ ਤੇ ਲੱਗੀ ਹੋਈ ਹੋਣ ਕਰਕੇ ਖਾਮੋਸ਼ ਬੈਠੀ ਹੈ ।ਜਦੋਂ ਕਿ ਪੰਜਾਬ ਦਾ ਵਾਸੀ ਕਿਸੇ ਹੋਰ ਰਾਜ ਵਿੱਚ ਨਾ ਤਾਂ ਨੌਕਰੀ ਪ੍ਰਾਪਤ ਕਰ ਸਕਦਾ ਹੈ ਨਾ ਹੀ ਉਹ ਜਮੀਨ ਖ੍ਰੀਦ ਸਕਦਾ ਨਾ ਹੀ ਅਧਾਰ ਕਾਰਡ ਜਾਂ ਵੋਟਰ ਕਾਰਡ ਬਣਾ ਸਕਦਾ ਹੈ। ਕਾਂਗਰਸ ਪਾਰਟੀ ਦੀ ਸਰਕਾਰ ਦੀ ਤਰਾਂ ਕੇਂਦਰ ਵਿੱਚ ਹੁਣ ਰਾਜ ਕਰ ਰਹੀ ਭਾਜਪਾ ਸਰਕਾਰ ਦਾ ਪ੍ਰਤੀ ਵਤੀਰਾ ਵੀ ਪੰਜਾਬ ਪ੍ਰਤੀ ਕਾਂਗਰਸ ਪਾਰਟੀ ਵਾਂਗ ਪੰਜਾਬ ਵਿਰੋਧੀ ਹੀ ਹੈ। ਦੇਸ਼ ਭਰ ਵਿੱਚ ਪਹਿਲੇ ਸਥਾਨ ਤੇ ਰਹਿਣ ਵਾਲੇ 'ਪੰਜਾਬ ਦੇ ਸੂਬੇ' ਨੂੰ ਅਠਾਰਵੇਂ, ਉਨੀਵੀਂ ਸਥਾਨ ਤੇ ਪਹੁੰਚਾ ਕੇ ਰੱਖ ਦਿਤਾ ਹੈ। ਇਹ ਸਭ ਸਰਕਾਰਾਂ ਪੰਜਾਬ ਨੂੰ ਘਸਿਆਰਾ ਬਣਾਉਣ ਤੇ ਤੁੱਲੀਆਂ ਹੋਈਆਂ ਹਨ ।

ਪੰਜਾਬੀਆਂ ਨੇ ਦੇਸ਼ ਨੂੰ ਅਜਾਦ ਕਰਾਉਣ ਵਿੱਚ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ , ਤਸੀਹੇ ਸਹੇ ,ਜੇਲਾਂ ਕੱਟੀਆਂ ਹਨ। ਇਨਾਂ ਪੰਜਾਬੀਆਂ ਨੂੰ ਹੁਣ ਤਕ ਕਿਸੇ ਸਰਕਾਰ ਨੇ ਦਿੱਤਾ ਹੀ ਕੀ ਹੈ?ਉਨਾਂ ਦੀ ਤਾਂ ਇਹ ਹਾਲਤ ਬਣੀ ਹੋਈ ਹੈ ਕਿ 'ਖਾਣ ਪੀਣ ਨੂੰ ਬਾਂਦਰੀ ਤੇ ਡੰਡੇ ਖਾਣ ਨੂੰ ਰਿੱਛ'। ਸਰਹੱਦਾਂ ਤੇ ਮਰਨ ਤਾਂ ਪੰਜਾਬੀ। ਦੇਸ਼ ਨੂੰ ਸੋਨੇ ਦੀ ਜਰੂਰਤ ਪਵੇ ਤਾਂ ਪੰਜਾਬੀ ਸਭ ਤੋਂ ਅੱਗੇ ਜੇ ਦੇਸ਼ ਵਿੱਚ ਅਨਾਜ ਦੀ ਕਮੀ ਹੋਵੇ ਤਾਂ ਪੰਜਾਬੀ ਸਾਰੇ ਭਾਰਤ ਦੇ ਭੰਡਾਰਾਂ ਨੂੰ ਭਰੇ। ਇਸੇ ਕਰਕੇ ਸਮੂਹ ਪੰਜਾਬੀਆਂ ਵਿੱਚ ਇਹ ਧਾਰਨਾਂ ਦਿਨ ਬ ਦਿਨ ਪੱਕੀ ਹੁੰਦੀ ਜਾ ਰਹੀ ਹੈ ਕਿ ਪੰਜਾਬ ਦੇ ਵਾਸੀ 'ਦੂਜੇ ਦਰਜੇ' ਦੇ ਨਾਗਰਿਕ ਹਨ। ਇਸ ਲਈ ਪੰਜਾਬ ਦੇ ਸਮੂਹ ਲੀਡਰਾਂ ਉਨਾਂ ਦੀ ਪਾਰਟੀ ਭਾਵੇਂ ਕੋਈ ਕੁਝ ਵੀ ਹੋਵੇ ਸਭ ਨੂੰ ਸੋਚਣਾ ਚਾਹੀਦਾ ਹੈ ਕਿ ਇਸ ਮਸੱਲੇ ਸਮੇਤ ਪੰਜਾਬ ਦੇ ਬਾਕੀ ਮੱਸਲਿਆਂ ਤੇ ਸਭ ਰਲ ਕੇ ਇਕ ਮੱਤ ਬਣਾਉਣ। ਇਸ ਵਿੱਚ ਹੀ ਪੰਜਾਬੀਆਂ ਦੀ ਭਲਾਈ ਤੇ ਬਚਾਓ ਹੋ ਸਕਦਾ ਹੈ।

ਜੇਕਰ ਪੰਜਾਬ ਦੇ ਰਾਜਨੀਤਕ ਲੀਡਰਾਂ ਨੇ ਆਪਣੇ ਨਿੱਜੀ ਸੁਆਰਥਾਂ ਨੂੰ ਹੀ ਅਪਣਾਈ ਰੱਖਿਆ ਤਾਂ ਪੰਜਾਬ ਦੇ ਸਾਰੇ ਲੀਡਰਾਂ ਦਾ ਨਾਂ ਪੰਜਾਬ ਦੇ ਇਤਿਹਾਸ ਵਿੱਚ ਕਾਲੇ ਅੱਖਰਾਂ ਵਿੱਚ ਲਿਖੇ ਜਾਣ ਤੋਂ ਕੋਈ ਨਹੀਂ ਰੋਕ ਸਕਦਾ ਹੈ। ਇਸ ਲਈ ਲੀਡਰਾਂ ਦੇ ਨਾਲ ਨਾਲ ਸਾਰੇ ਵੋਟਰਾਂ ਸਭ ਨੂੰ ਵੀ ਜਾਗਣ ਦੀ ਜਰੂਰਤ ਹੈ। ਆਓ ਸਾਰੇ ਰੱਲ ਕੇ ਪੰਜਾਬ ਦੇ ਖੁੱਸੇ ਹੋਏ ਹੱਕਾਂ ਨੂੰ ਬਹਾਲ ਕਰਾਉਣ ਲਈ ਯਤਨਸ਼ੀਲ ਹੋਣ ਦੇ ਨਾਲ ਭਾਜਪਾ ਜਿਹੜੀ ਆਮ ਆਦਮੀ ਪਾਰਟੀ ਦੇ ਚੋਰ ਦਰਵਾਜੇ ਰਾਹੀਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੀ ਰਾਜ ਸੱਤਾ ਨੂੰ ਹਥਿਆਉਣਾ ਚਾਹੁੰਦੀ ਹੈ। ਪਰ ਉਹ ਭੁੱਲ ਜਾਣ ਕਿਉਂਕਿ ਪੰਜਾਬ ਦੇ ਲੋਕ ਭਾਜਪਾ ਦੀ ਫਿਰਕੂ ਤੇ ਨਫਰਤੀ ਸੋਚ ਨੂੰ ਬੜੀ ਚੰਗੀ ਤਰਾਂ ਜਾਣਦੇ ਹਨ। ਉਹ ਕਦੇ ਵੀ ਨਹੀਂ ਚਾਹੁੰਣਗੇ ਕਿ ਪੰਜਾਬ ਵਿੱਚ ਭਾਜਪਾ ਦੇ ਹੱਥ ਸਰਕਾਰ ਆਵੇ।

Chevron
TRUCK STOP
OPEN PARKING, DELI, SHOWER, LAUNDRY
• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ
We accept all major fleet cards, credit cards including, Visa, MC, AE, Discover, Voyag and Writer Express.
(Or $9 off Chevron In-Store Purchase)
ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।
Contact :
BALRAJ SINGH PANNU
541-942-0105
Chevron
1250, Gateway Blvd. Cottage, OR 97424,
Ph : 541-942-4142 Fax : 541-942-9668



PIONEER VILLA
Chevron
TRUCK PLAZA
MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE
WE ACCEPT-TCH T-CHECK
COM CHECK - EFS -
ALL MAJOR CREDIT CARDS
PREETI PANNU
(541) 369-2801
FAX (541) 369-3810
33180 HWY 228 HALSEY, OR 97348




web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
“ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ”
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# TAKE CONTROL OF YOUR HEALTH!

## PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday Friday in Punjabi.


## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**




SANJHI SOCH

ਸੂਬੇਦਾਰ ਜਸਵਿੰਦਰ ਸਿੰਘ
ਭੁਲੇਰੀਆ

# ਭੈਣ ਕੋਲੋਂ ਵੀਰਾ ਵੇ ਬੰਨਾ ਲੈ ਰੱਖੜੀ ਸੋਹਣੇ ਜਿਹੇ ਗੁੱਟ 'ਤੇ ਸਜਾ ਲੈ ਰੱਖੜੀ

"ਭੈਣ ਕੋਲੋਂ ਵੀਰਾ ਵੇ ਬੰਨਾ ਲੈ ਰੱਖੜੀ ,ਸੋਹਣੇ ਜਿਹੇ ਗੁੱਟ ਤੇ ਸਜਾ ਲੈ ਰੱਖੜੀ " ਵੀਰਾਂ ਨਾਲ ਭੈਣਾਂ ਦਾ ਦੇਸ਼ ਵੱਸਦਾ , ਮੈ ਇਕੱਲੀ ਨਹੀਂ ਕਹਿੰਦੀ ਸਾਰਾ ਜੱਗ ਦੱਸਦਾ '' ਇਸ ਤਰਾਂ ਦੇ ਹਜ਼ਾਰਾਂ ਹੀ ਲੋਕ ਗੀਤ ਭੈਣ ਭਰਾਵਾਂ ਦੇ ਪਿਆਰ ਦੀਆਂ ਬਾਤਾਂ ਪਾਉਂਦੇ ਹਨ ਙਭੈਣਾਂ ਨੂੰ ਤਾਂ ਇੱਕ ਮੌਕਾ ਚਾਹੀਦਾ ਹੁੰਦਾ ਹੈ ਭਰਾਵਾਂ ਨੂੰ ਮਿਲਣ ਵਾਸਤੇ "ਕਦੇ ਵੀਰਾਂ ਨੂੰ ਮਿਲਣ ਲਈ ਔਸੀਆਂ ਪਾਉਂਦੀਆਂ ਕਦੇ ਕਾਵਾਂ ਨੂੰ ਟੁੱਕ ਙਇਹ ਕੋਈ ਗੱਲ ਨਿਵੇਕਲੀ ਜਾਂ ਪੁਰਾਣੀ ਨਹੀਂ ਅੱਜ ਵੀ ਜਿਹਨਾਂ ਭੈਣਾਂ ਦਾ ਪਿਆਰ ਭਰਾਵਾਂ ਨਾਲ ਹੁੰਦਾ ਹੈ ਉਹ ਅੱਜ ਵੀ ਆਨੇ ਭਾਣੇ ਭਰਾਵਾਂ ਨੂੰ ਯਾਦ ਕਰਦੀਆਂ ਹੀ ਰਹਿੰਦੀਆਂ ਹਨ ਙਉਸੇ ਲੜੀ ਨੂੰ ਅਗੇ ਵਿਧਾਉਂਦੇ ਹੋਏ ਇਕ ਰੱਖੜੀ ਵੀ ਉਸ ਪਿਆਰ ਦਾ ਹਿੱਸਾ ਹੈ ਙ ਜਿਸ ਕਰਕੇ ਰੱਖੜੀ ਤਾਂ ਭੈਣ ਭਰਾ ਦੀ ਸਾਂਝ ਤੇ ਸਨੇਹ ਦਾ ਪਿਆਰਾ ਤਿਉਹਾਰ ਹੈ ।ਇਸ ਤਿਉਹਾਰ ਨੂੰ ਪੈਸੇ ਨਾਲ ਨਹੀਂ ਤੋਲਿਆ ਜਾਣਾ ਚਾਹੀਦਾ ਙ ਰੱਖੜੀ ਦੀ ਕਦਰ ਕੀਮਤ ਉਨਾਂ ਭੈਣਾਂ ਨੂੰ ਪੁੱਛ ਕੇ ਵੇਖੋ ,ਜਿਨ੍ਹਾਂ ਨੂੰ ਰੱਬ ਨੇ ਵੀਰ ਦਿੱਤਾ ਹੀ ਨਾਂ ਹੋਵੇ ਤੇ ਉਹ ਰੱਬ ਨੂੰ ਵਾਰ ਵਾਰ ਬੇਨਤੀਆਂ ਕਰਦੀਆਂ ਰਹੀਆਂ ਹੋਣ "ਇੱਕ ਵੀਰ ਦੇਈਂ ਵੇ ਰੱਬਾ ਸੋਂਹ ਖਾਣ ਨੂੰ ਬੜਾ ਚਿੱਤ ਕਰਦਾ ਫ਼ੈਰ ਰੱਬ ਦੀ ਮਾਰ ਅੱਗੇ ਕੀ ਜ਼ੋਰ। ਉਹ ਭੈਣਾਂ ਕਿਸੇ ਮੂੰਹ ਬੋਲੇ ਭਰਾ ਜਾਂ ਤਾਏ,ਚਾਚੇ,ਮਾਮੇ,ਭੂਆ ਦੇ ਪੁੱਤ ਭਰਾ ਦੇ ਮੁੰਡੇ ਨੂੰ ਰੱਖੜੀ ਬੰਨ੍ਹਦੀਆਂ ਵੀ ਹਨ ਙਤਾਂ ਵੀ ਉਨ੍ਹਾਂ ਦੀ ਰੂਹ ਮਾਂ ਜਾਏ ਵੀਰ ਪਿਆਰ ਨੂੰ ਤਰਸਦੀ ਰਹਿੰਦੀ ਹੈ। ਕਈ ਵਾਰ ਨੇਕ ਦਿਲ ਭਰਾ ਨਾ਼ਲ ਦੇ ਜੰਮਿਆਂ ਵਾਂਗ ਨਿਭ ਵੀ ਜਾਂਦੇ ਹਨ ਙਪਰ ਇਸ ਸਵਾਰਥੀ ਯੁੱਗ ਵਿੱਚ ਅਜਿਹਾ ਬਹੁਤ ਘੱਟ ਸੰਭਵ ਹੈ ਙਕਈਂ ਲੋਕ ਕਿਸੇ ਦੀ ਇਸ ਘਾਟ ਤੋਂ ਬਹੁਤ ਫਾਇਦੇ ਵੀ ਉਠਾ ਜਾਂਦੇ ਹਨ ਙ ਇਸ ਪਵਿੱਤਰ ਰਿਸ਼ਤੇ ਦਾ ਨਾਂ ਵੀ ਕਲੰਕਤ ਕਰਦੇ ਹਨ। ਕਈ ਵਾਰ ਕੋਈ ਭਰਾ ਵੀ ਭੈਣ ਦੇ ਪਿਆਰ ਨੂੰ ਤਰਸਦਾ ਹੈਙ ਕਿਸੇ ਨੂੰ ਮੂੰਹ ਬੋਲੀ ਭੈਣ ਬਣਾ ਲਵੇ ਤਾਂ ਸਾਡਾ ਸਮਾਜ ਉਸਨੂੰ ਛੇਤੀ ਛੇਤੀ ਸਵੀਕਾਰ ਨਹੀਂ ਕਰਦਾ। ਕਈਂ ਵਾਰ ਇਸ ਪਾਕ ਪਵਿੱਤਰ ਰਿਸਤੇ ਤੇ ਊਜਾਂ ਦਾ ਚਿੱਕੜ ਵੀ ਪੈਂਦਾ ਹੈ। ਮੂੰਹ ਬੋਲੇ ਰਿਸ਼ਤੇ ਦੀ ਤਸਵੀਰ ਦੇ ਇਹ ਦੋ ਪਾਸੇ ਹਨ,ਙਅਜਿਹੇ ਰਿਸ਼ਤੇ ਵੀ ਬਹੁਤ ਸੋਚ ਸਮਝ ਕੇ ਬਣਾਉਣੇ ਚਾਹੀਦੇ ਹਨ ਙਤਾਂ ਜੋ ਰੱਖੜੀ ਦੀ ਮੋਹ ਭਰੀ ਸੁੱਚੀ ਡੋਰ ਮੈਲੀ ਨਾ ਹੋਵੇ।ਬੇਸ਼ਕ ਭੈਣਾਂ ਦੀ ਰੱਖੜੀ ਜਾਂਦੇ ਵੀਰ ਦੀ ਬਾਂਹ ਨਹੀਂ ਫੜ ਸਕਦੀ ਙ ਉਸਦੀ ਉਮਰ ਲੰਬੀ ਨਹੀਂ ਕਰ ਸਕਦੀ । ਅਜਿਹੀਆਂ ਭੈਣਾਂ ਤੇ ਰੱਖੜੀ ਵਾਲੇ ਦਿਨ ਕੀ ਬੀਤਦੀ ਹੈਙ ਇਹ ਉਹ ਹੀ ਜਾਣਦੀਆਂ ਹਨ। ਜਦੋਂ ਉੱਚੇ ਲੰਮੇ ਗੱਭਰੂ ਭਰਾ ਦੀ ਕੜੀ ਵਰਗੀ ਕਲਾਈ ਦੀ ਥਾਂ ਉਸਦੇ ਨਿੱਕੇ ਜਿਹੇ ਪੱਤ ਦੀ ਲਗਰ ਵਰਗੀ ਸੋਹਲ ਕਲਾਈ ਤੇ ਰੱਖੜੀ ਬੰਨ੍ਹਣ ਦੀ ਨੋਬਤ ਆਉਂਦੀ ਹੈ ਙ ਗਲੀਆਂ ਦੇ ਕੱਖ ਵੀ ਰੋਂਦੇ ਹਨ। ਭੈਣਾਂ ਦਾ ਹਰ ਸਾਹ ਹਉਂਕਾ ਬਣ ਜਾਂਦਾ ਹੈ।ਕਿਸੇ ਤਿਉਹਾਰ ਵਿਹਾਰ ਤੇ ਜਦੋਂ ਭਰਾ ਦੇ ਥਾਂ ਪੁੱਤਾਂ ਵਾਂਗ ਪਾਲੇ ਭਤੀਜੇ ਨੂੰ ਖੜ੍ਹਾ ਕੇ ਭੈਣਾਂ ਕਹਿੰਦੀਆਂ ਹਨ ਙਪੁੱਤ ਵੀਰ ਦਾ ਭਤੀਜਾ ਮੇਰਾ ਨਿਉਂ ਜੜ੍ਹ ਮਾਪਿਆਂ ਦੀ ਤਾਂ ਤੋਰ ਗਿਆ ਭਰਾ ਸਾਮਰੱਥ ਉਨ੍ਹਾ ਦੀਆਂ ਅੱਖਾਂ ਅੱਗੇ ਆ ਖੜ੍ਹਦਾ ਹੈ।ਬੇਸ਼ੱਕ ਅੱਜ ਰਿਸ਼ਤਿਆ ਵਿੱਚ ਪਹਿਲਾਂ ਵਾਲੀ ਨਿੱਘ ਤੇ ਨੇੜਤਾ ਨਹੀਂ ਰਹੀ ਙਪਰ ਅਜੇ ਵੀ ਕੁਝ ਲੋਕ ਮੋਹ ਭਰੇ ਦਿਲ ਰੱਖਦੇ ਹਨ। ਰੱਖੜੀ ਬਾਰੇ ਇਸ ਲਿਖਤ ਵਿੱਚ ਕੌੜੀਆਂ ਸੱਚਾਈਆਂ ਨੂੰ ਬਿਆਨ ਕੀਤਾ ਗਿਆ ਹੈ। ਉਹ ਸਿਰਫ ਇਸ ਲਈ ਕਿ ਸਾਰੇ ਭੈਣ ਭਰਾ ਇਸ ਰਿਸ਼ਤੇ ਨੂੰ ਮਹਿਜ ਇਕ ਰਸਮੀ ਤਿਉਹਾਰ ਨਾ ਸਮਝਣ। ਇੱਕ ਦੋ ਚਾਰ ਦਿਨ ਬਾਅਦ ਟੁੱਟ ਜਾਣ ਵਾਲੀ ਡੋਰ ਨਾ਼ਲੋਂ ਇਸ ਦੀ ਕਦਰ ਕੀਮਤ ਪੈਂਦੀ ਹੈ। ਦਿਖਾਵਿਆਂ ਨੂੰ ਛੱਡ ਕੇ ਸਾਦਗੀ ਤੇ ਪਿਆਰ ਸਤਿਕਾਰ ਨਾ਼ਲ ਇਹ ਮੋਹ ਦੀਆਂ ਤੰਦਾ ਮਜ਼ਬੂਤ ਕਰਨੀਆਂ ਙਭੈਣ ਭਰਾ ਦੇ ਗੂੜ੍ਹੇ ਰਿਸਤੇ ਲਈ ਵਰਦਾਨ ਬਣ ਜਾਣਗੀਆਂ।ਪਿਛਲੇ ਸਮੇਂ ਰੱਖੜੀ ਦਾ ਮੁੱਲ ਮੋਹ ਪਿਆਰ ਨਾ਼ਲ ਪੈਂਦਾ ਸੀ। ਦਿਖਾਵੇ ਤੇ ਕੱਪੜੇ ਗਹਿਣੇ ਨਾ਼ਲ ਨਹੀਂ। ਬੇਸ਼ੱਕ ਅੱਜ ਵੀ ਅਜਿਹੇ ਭਰਾ ਹਨ; ਜੋ ਭੈਣਾਂ ਨੂੰ ਮਾਪੇ ਯਾਦ ਨਹੀਂ ਆਉਣ ਦੇਂਦੇ ਤੇ ਉਨ੍ਹਾ ਦੇ ਸਾਰੀ ਉਮਰ ਦੇ ਮਾਪੇ ਬਣ ਕੇ ਰਹਿੰਦੇ ਹਨ ਙ ਅਜਿਹੀਆਂ ਭੈਣਾਂ ਵੀ ਹਨ ਜੋ ਭਰਾਵਾਂ ਨੂੰ ਮਾਪਿਆਂ ਵਾਂਗ ਤੇ ਪੁੱਤਾਂ ਵਾਂਗ ਸਤਿਕਾਰਦੀਆ ਤੇ ਪਿਆਰਦੀਆਂ ਹਨ ਙਪਰ ਅਜਿਹੇ ਲੋਕ ਹੁਣ ਬਹੁਤ ਘੱਟ ਹਨ। ਭੈਣ ਵਾਂਗ ਦੇ ਪਿਆਰ ਦੀ ਪ੍ਰਤੀਕ, ਇਹ ਰੱਖੜੀ ਬੰਨ੍ਹਣ ਦਾ ਮਨੋਰਥ ਤਾਂ ਹੀ ਪੂਰਾ ਹੋ ਸਕਦਾ ਹੈ ਙਜੇ ਦੋਵੇਂ ਧਿਰਾਂ ਇਕ ਦੂਜੇ ਨੂੰ ਪਿਆਰ ਸਤਿਕਾਰ ਦੇਣ ਨਹੀਂ ਤਾਂ ਮਹਿੰਗੀਆ ਤੇ ਖੂਬਸੂਰਤ ਰੱਖੜੀਆ ਦਾ ਕੋਈ ਮਹੱਤਵ ਨਹੀਂ ਹੈ। ਕਈਂ ਭੈਣਾਂ ਸੋਨੇ ਜਾ ਚਾਂਦੀ ਦੀਆਂ ਰੱਖੜੀਆਂ ਵੀ ਭਰਾ ਦੇ ਬੰਨ੍ਹਦੀਆਂ ਹਨ। ਇਹ ਆਪਣੀ ਪਹੁੰਚ ਜਾਂ ਸੋਚ ਤੇ ਨਿਰਭਰ ਹੈ। ਪਰ ਮੋਹ ਦੀ ਤੰਦ ਤਾਂ ਇੱਕ ਧਾਗਾ ਹੀ ਹੋ ਨਿਬੜਦਾ ਹੈ ,ਜੋ ਤਾਂ ਉਮਰ ਰੂਹ ਨਾਂਲ ਨਿਪਟਿਆ ਰਹੇ। ਅੱਜ ਰੱਖੜੀ ਦਾ ਮੁੱਲ ਮੋਹ ਪਿਆਰ ਨਾ਼ਲ ਨਹੀਂ ਕੱਪੜੇ ਤੇ ਗਹਿਣੇ ਜਾ ਪੈਸੇ ਨਾ਼ਲ ਪੈਂਦਾ ਹੈ। ਕਈਂ ਭੈਣਾਂ ਉਸੇ ਭਰਾ ਨੂੰ ਜਿਆਦਾ ਮਾਣ ਆਦਰ ਦਿੰਦੀਆਂ ਹਨਙ ਜਿਹੜਾ ਉਨ੍ਹਾ ਦੀ ਰੱਖੜੀ ਦਾ ਜਿਆਦਾ ਮੁੱਲ ਪਾਉਂਦਾ ਹੈ। ਕਈਂ ਘਰਾਂ ਵਿੱਚ ਭਾਬੀਆਂ ਰੱਖੜੀ ਨੂੰ ਮੱਥੇ ਵੱਟ ਵੀ ਪਾਉਂਦੀਆਂ ਹਨ ਙ ਖਰਚ ਤੇ ਖੇਚਲ ਦੋਵਾਂ ਤੋਂ ਕਤਰਾਉਂਦੀਆਂ ਹਨ। ਕਈਂ ਆਈਆਂ ਨਨਾਣਾ ਨੂੰ ਦਿਲੋਂ ਜੀ ਆਇਆਂ ਕਹਿੰਦੀਆਂ ਹਨ ਙਸਰਦਾ ਬਣਦਾ ਮਾਣ ਕਰਦੀਆਂ ਸੋਚਦੀਆਂ ਹਨਙ ਕਿ ਇਨ੍ਹਾ ਨੂੰ ਭਰਾ ਓਵੇਂ ਹੀ ਪਿਆਰੇ ਹਨ ਜਿਵੇਂ ਸਾਨੂੰ ਆਪਣੇ ਭਰਾ ਹਨ। ਸਾਰੀਆਂ ਭੈਣਾਂ ਰੱਖੜੀ ਨੂੰ ਪੈਸੇ ਨਾ਼ਲ ਨਹੀਂ ਤੋਲਦੀਆਂ। ਕਈਂ ਭੈਣਾਂ ਵੀਰ ਦੇ ਘਰ ਦਾ ਫੋਕੇ ਪਾਣੀ ਦਾ ਗਲਾਸ ਪੀ ਕੇ ਵੀ ਅਸੀਸਾਂ ਦੇਣ ਵਾਲੀਆਂ ਹੁੰਦੀਆ ਹਨਙ ਕਈ ਸੂਟ ਦਾ ਰੰਗ ਪਸੰਦ ਨਾ ਹੋਣ ਤੇ ਮੂੰਹ ਮੋਟਾ ਕਰਨ ਵਾਲੀਆਂ ਵੀ।ਗੱਲਾਂ ਤਾਂ ਜਿੰਨੀਆਂ ਮਰਜ਼ੀ ਕਰੀ ਜਾਈਏ ਉਹ ਮੁੱਕਣੀਆਂ ਨਹੀਂ ਙਭੈਣ ਭਰਾਵਾਂ ਦਾ ਪਿਆਰ ਇੱਕ ਧਾਗੇ ਤਕ ਸੀਮਿਤ ਨਹੀਂ ਹੋਣਾ ਚਾਹੀਦਾ ਙਜਿਵੇਂ ਭੈਣ ਭਰਾ ਪਹਿਲਾਂ ਨਿੱਕੇ ਨਿੱਕੇ ਹੱਸਦੇ ਖੇਡਦੇ ਰੱਖੜੀ ਬੰਨ ਕੇ ਮਾਂ ਪਿਉ ਤੋਂ ਪੈਸੇ ਲੈਕੇ ਦੋਵੇ ਰਲਕੇ ਖਰਚਦੇ ਹੁੰਦੇ ਹਨ ਙਉਸੇ ਤਰਾਂ ਹੀ ਇਸ ਸਮੇ ਵੀ ਹਸਨ ਖੇਡਣਾ ਭਰਾਵਾਂ ਭਤੀਜਿਆਂ ਨੂੰ ਪਿਆਰ ਵੰਡਣਾ ਬੰਦਾ ਹੈ ਙਭੈਣਾਂ ਹੱਸ ਕੇ ਇਹੋ ਹੀ ਕਹਿਣ "ਭੈਣ ਕੋਲੋਂ ਵੀਰਾ ਵੇ ਬੰਨਾ ਲੈ ਰੱਖੜੀ ,ਸੋਹਣੇ ਜਿਹੇ ਗੁੱਟ ਤੇ ਸਜਾ ਲੈ ਰੱਖੜੀ










RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ® CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


GHUMAN
LAW GROUP INC.
Ghuman Law Group
ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !
ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ
ਆਓ E-2 Investor Visa ਰਾਹੀਂ
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ
PASSPORT
GHUMAN LAW GROUP
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ
ਪੂਰੀ ਮਦਦ ਕਰੇਗਾ
ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ
ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ
2 ਸਾਲ ਦਾ Work Permit
Spouse ਨੂੰ ਮਿਲੇਗਾ Open Work Permit
ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ
ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ
MON - FRI, 9:00 AM - 3:00 PM
+1 (223) 300-0001 | www.ghumanlawgroup.org
2450 VENTURE OAKS WAY, STE 225 SACRAMENTO, CA


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702



ਬਰਜਿੰਦਰ ਕੌਰ ਬਿਸਰਾਓ
99889-01324

# ਵੀਰਾ ਆਈਂ ਵੇ ਭੈਣ ਦੇ ਵਿਹੜੇ...

ਘਰ ਦੀ ਚਾਰਦੀਵਾਰੀ ਵਿੱਚ ਬਣੇ ਪਰਿਵਾਰਕ ਰਿਸ਼ਤਿਆਂ ਦੀਆਂ ਤੰਦਾਂ ਸਾਡੇ ਹੋਰ ਸਮਾਜਿਕ ਰਿਸ਼ਤਿਆਂ ਜਾਂ ਸੰਬੰਧਾਂ ਦੇ ਮੁਕਾਬਲੇ ਵਿੱਚ ਅਧਿਕ ਪੱਕੀਆਂ ਅਤੇ ਪੀਡੀਆਂ ਹੁੰਦੀਆਂ ਹਨ। ਇਹਨਾਂ ਰਿਸ਼ਤਿਆਂ ਦੀਆਂ ਤੰਦਾਂ ਵਿੱਚ ਇੱਕ ਤੰਦ ਭੈਣ ਤੇ ਭਰਾ ਦੇ ਰਿਸ਼ਤੇ ਵਾਲੀ ਹੁੰਦੀ ਹੈ। ਜੋ ਰੇਸ਼ਮ ਦੀ ਡੋਰੀ ਨਾਲ ਹਰ ਸਾਲ ਪੱਕੀ ਤੇ ਪੱਕੀ ਹੁੰਦੀ ਜਾਂਦੀ ਹੈ। ਇਹ ਹੈ ਭੈਣ ਤੇ ਭਰਾ ਦੇ ਪਿਆਰ ਦੀ ਪ੍ਰਤੀਕ -ਰੱਖੜੀ।ਪੁਰਾਣੇ ਸਮਿਆਂ ਵਿੱਚ ਰੱਖੜੀ ਦਾ ਰੂਪ ਬਹੁਤ ਸਾਦਾ ਹੁੰਦਾ ਸੀ। ਘਰ ਦੀਆਂ ਔਰਤਾਂ ਆਪਣੇ ਹੱਥੀਂ ਰੱਖੜੀਆਂ ਤਿਆਰ ਕਰਦੀਆਂ, ਭੈਣਾਂ ਭਰਾਵਾਂ ਲਈ ਮਿਠਾਈਆਂ ਲੈ ਕੇ ਆਉਂਦੀਆਂ ਸਨ ਤੇ ਸਾਰਾ ਪਰਿਵਾਰ ਇਕੱਠਾ ਹੁੰਦਾ ਸੀ। ਅੱਜ ਰੱਖੜੀਆਂ ਦੀਆਂ ਬਾਜ਼ਾਰਾਂ ਵਿੱਚ ਬੇਸ਼ੁਮਾਰ ਕਿਸਮਾਂ ਮਿਲਦੀਆਂ ਹਨ। ਰੱਖੜੀ ਜਿੰਨੀ ਮਰਜ਼ੀ ਸੋਹਣੀ ਤੇ ਕੀਮਤੀ ਹੋਵੇ ਪਰ ਉਸ ਦੀ ਕੀਮਤ ਉਸ ਧਾਗੇ ਵਿੱਚ ਨਹੀਂ, ਉਸ ਨਾਲ ਜੁੜੇ ਜਜ਼ਬਾਤਾਂ ਵਿੱਚ ਹੁੰਦੀ ਹੈ।ਰੱਖੜੀ ਦੀ ਅਸਲ ਖ਼ੂਬਸੂਰਤੀ ਗੁੱਟ ’ਤੇ ਨਹੀਂ, ਦਿਲ ਵਿੱਚ ਬੱਝੀ ਡੋਰ ਵਿੱਚ ਹੁੰਦੀ ਹੈ।

ਰੱਖੜੀ ਦਾ ਭਾਵ ਹੈ ਵੀਰ ਭੈਣਾਂ ਦੀ ਰੱਖਿਆ ਕਰਨ ਜਾਂ ਕਹਿ ਲਓ ਰੱਖੜੀ ਬੰਨ੍ਹਾ ਕੇ ਵੀਰ ਭੈਣਾਂ ਦੀ ਕਿਸੇ ਔਕੜ ਸਮੇਂ ਰੱਖਿਆ ਕਰਨ ਲਈ ਬਚਨ ਵੱਧ ਹੋ ਜਾਂਦੇ ਹਨ। ਇਹ ਇੱਕ ਪ੍ਰਸਿੱਧ ਅਤੇ ਪਰੰਪਰਾਗਤ ਤੌਰ 'ਤੇ ਹਿੰਦੂ ਸਲਾਨਾ ਰੀਤੀ ਹੈ ਅਤੇ ਇਹ ਤਿਉਹਾਰ ਹਿੰਦੂ ਸੰਸਕ੍ਰਿਤੀ ਤੋਂ ਪ੍ਰਭਾਵਿਤ ਹੋ ਕੇ ਦੁਨੀਆਂ ਅਤੇ ਖ਼ਾਸਕਰ ਦੱਖਣੀ ਏਸ਼ੀਆ ਦੇ ਕਈ ਭਾਗਾਂ ਅਤੇ ਧਾਰਮਿਕ ਸਮੂਹਾਂ ਦੁਆਰਾ ਵੀ ਮਨਾਇਆ ਜਾਂਦਾ ਹੈ। ਰੱਖੜੀ ਜਾਂ ਰਕਸ਼ਾ ਬੰਧਨ ਸਾਉਣ ਮਹੀਨੇ ਦੇ ਅੰਤਮ ਦਿਨ ਤੇ ਮਨਾਇਆ ਜਾਂਦਾ ਹੈ, ਜੋ ਆਮ ਤੌਰ 'ਤੇ ਅਗਸਤ ਵਿੱਚ ਹੀ ਆਉਂਦਾ ਹੈ। ਇਸ ਦਿਨ, ਹਰ ਉਮਰ ਦੀਆਂ ਭੈਣਾਂ ਆਪਣੇ ਭਰਾਵਾਂ ਦੇ ਗੁੱਟ ਦੇ ਦੁਆਲੇ ਰੱਖੜੀ ਨਾਮਕ ਇੱਕ ਤਵੀਤ ਜਾਂ ਤਾਜ਼ੀ ਜਾਂ ਗਾਨਾ ਬੰਨ੍ਹਦੀਆਂ ਹਨ।

ਵੀਰਾ ਆਵੀਂ ਵੇ ਭੈਣ ਦੇ ਵਿਹੜੇ ਪੁੰਨਿਆ ਦਾ ਚੰਨ ਬਣਕੇ ਪੰਜਾਬ ਵਿੱਚ ਵੀਰ ਦੀ ਤੁਲਨਾ ਪੁੰਨਿਆ ਦੇ ਚੰਨ ਨਾਲ ਕੀਤੀ ਜਾਂਦੀ ਹੈ ਜਿਸ ਨੂੰ ਵਿਆਹੀ ਹੋਈ ਭੈਣ ਆਪਣੇ ਸਹੁਰੇ ਘਰ ਵਿੱਚ ਤੀਬਰਤਾ ਨਾਲ ਉਡੀਕਦੀ ਹੈ। ਇੱਥੇ ਵੀ ਭੈਣਾਂ ਵੱਲੋਂ ਸਾਉਣ ਮਹੀਨੇ ਦੀ ਪੂਰਨਮਾਸ਼ੀ ਨੂੰ ਹੀ ਰੱਖੜੀਆਂ ਬੰਨ੍ਹਣ ਦਾ ਤਿਉਹਾਰ ਮਨਾਇਆ ਹੈ। ਭੈਣਾਂ ਵੀਰਾਂ ਦੇ ਗੁੱਟਾਂ ਤੇ ਰੱਖੜੀਆਂ ਬੰਨ੍ਹਦੀਆਂ ਹਨ। ਤੋਹਫ਼ੇ ਵਜੋਂ ਭਰਾ ਭੈਣਾਂ ਨੂੰ ਕੋਈ ਨਾ ਕੋਈ ਭੇਟਾ ਜਾਂ ਸੌਗਾਤ ਦਿੰਦੇ ਹਨ । ਇੱਕ ਜਗ੍ਹਾ ਗਿਆਨੀ ਗੁਰਦਿੱਤ ਸਿੰਘ ਜੀ ਦੱਸਦੇ ਹਨ ਕਿ ਪੁਰਾਤਨ ਸਮੇਂ ਵਿੱਚ ਬ੍ਰਾਹਮਣ ਲੋਕ ਯੱਗ ਅਤੇ ਪੂਜਾ ਕਰਦੇ ਹਨ ਅਤੇ ਖੱਤਰੀ ਲੜਦੇ ਸਨ। ਇਸ ਦਿਨ ਖੱਤਰੀ ਦੇ ਗਾਨਾ ਬੰਨ੍ਹਿਆ ਜਾਂਦਾ ਸੀ ਤਾਂ ਜੋ ਮੈਦਾਨ ਵਿੱਚ ਲੜਦੇ ਸਮੇਂ ਉਹਨਾਂ ਦੀ ਰੱਖਿਆ ਹੋ ਸਕੇ। ਇਹ ਵੀ ਧਾਰਨਾ ਹੈ ਕਿ ਭੈਣਾਂ ਇਸ ਮੌਕੇ ਭਰਾਵਾਂ ਦੀ ਸੁੱਖ ਮੰਗਦੀਆਂ ਹੋਈਆਂ ਉਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕਰਦੀਆਂ ਹਨ। ਇਹ ਤਿਉਹਾਰ ਭੈਣਾਂ ਅਤੇ ਭਰਾਵਾਂ ਦਾ ਇੱਕ ਦੂਜੇ ਨੂੰ ਮਿਲਣ ਦਾ ਸਬੱਬ ਵੀ ਮੰਨਿਆ ਜਾ ਸਕਦਾ ਹੈ। ਰੱਖੜੀ ਬੰਨਣ ਦਾ ਅਸਲ ਮਨੋਰਥ ਤਾਂ ਹੀ ਪੂਰਾ ਹੋ ਸਕਦਾ ਹੈ ਦੋਵੇਂ ਧਿਰਾਂ ਇਕ ਦੂਜੇ ਸੱਚੇ ਦਿਲੋਂ ਨੂੰ ਪਿਆਰ ਅਤੇ ਸਤਿਕਾਰ ਦੇਣ। ਅੱਜ ਦੇ ਯੁੱਗ ਵਿਚ ਕਹਿ ਲਓ ਜਾਂ ਕਲਯੁੱਗ ਵਿਚ ਕਹਿ ਲਓ, ਭੈਣ ਭਰਾ ਦਾ ਪਾਕ ਪਵਿੱਤਰ ਰਿਸ਼ਤਾ ਵੀ ਤਿੜਕ ਗਿਆ ਹੈ।

ਅੱਜ ਦੇ ਮਸ਼ੀਨੀ ਯੁੱਗ ਵਿੱਚ ਰਿਸ਼ਤੇ ਤਿੜਕਦੇ ਘੜੇ ਦੇ ਪਾਣੀ ਵਾਂਗ ਵਿਅਰਥ ਹੀ ਸਮਾਪਤ ਹੋ ਰਹੇ ਹਨ। ਨਿੱਕੇ ਹੁੰਦਿਆਂ ਵੀਰਾਂ ਦੇ ਸਾਹੀਂ ਜਿਊਣ ਵਾਲੀਆਂ ਭੈਣਾਂ ਵੀ ਜਦੋਂ ਉਨ੍ਹਾਂ ਦੇ ਧੀਆਂ ਪੁੱਤਾਂ ਦੇ ਕਾਰਜ ਹੋ ਜਾਣ ਮਾਮੇ ਛੱਕਾਂ ਪੂਰ ਦੇਣ ਤੇ ਉਨ੍ਹਾਂ ਦੇ ਸੱਸ ਸਹੁਰੇ ਦੇ ਮਰਨੇ ਪਰਨੇ ਵੀ ਵੱਡੇ ਕਰ ਆਉਣ ਤਾਂ ਉਹ ਭਰਾਵਾਂ ਨੂੰ ਬੇਲੋੜੀਆਂ ਚੀਜ਼ਾਂ ਵਾਂਗ ਛੱਡ ਦਿੰਦੀਆਂ ਹਨ। ਜਾਂ ਫਿਰ ਕਈ ਭੈਣਾਂ ਨੂੰ ਸਿਰਫ਼ ਮਹਿੰਗੇ ਤੋਂ ਮਹਿੰਗੇ ਤੋਹਫ਼ੇ ਲੈਣ ਤੱਕ ਮਤਲਬ ਰਹਿ ਜਾਂਦਾ ਹੈ। ਇਸ ਤਰ੍ਹਾਂ ਦੀਆਂ ਭੈਣਾਂ ਵੱਲ ਦੇਖ ਕੇ ਸਦੀਆਂ ਤੋਂ ਚੱਲੀਆਂ ਆ ਰਹੀਆਂ ਇਹੋ ਜਿਹੀਆਂ ਬੋਲੀਆਂ ਵੀ ਝੂਠੀਆਂ ਪੈ ਕੇ ਸ਼ਰਮਾ ਜਾਂਦੀਆਂ ਹਨ ਜਿਸ ਵਿੱਚ ਇੱਕ ਭੈਣ ਰੱਬ ਅੱਗੇ ਤਰਲਾ ਕਰਦੀ ਹੋਈ ਕਹਿੰਦੀ ਹੈ :-

ਇੱਕ ਵੀਰ ਦੇਵੀਂ ਵੇ ਰੱਬਾ ਮੇਰੀ ਸਾਰੀ ਉਮਰ ਦੇ ਮਾਪੇ।

ਭੈਣ ਭਰਾ ਦੇ ਪਿਆਰ ਦੀ ਵਿਸ਼ਾਲਤਾ ਤਾਂ ਸਾਗਰਾਂ ਤੋਂ ਵੀ ਡੂੰਘੀ ਹੁੰਦੀ ਹੈ। ਰੱਖੜੀ ਦਾ ਤਿਉਹਾਰ ਭੈਣ ਭਰਾ ਦੇ ਪਿਆਰ ਦੇ ਪ੍ਰਗਟਾਵੇ ਦਾ ਰੂਪ ਹੁੰਦਾ ਹੈ ਜੋ ਕਿਸੇ ਵੀ ਸੰਦਰਭ ਤੋਂ ਬਹੁਤ ਮਹੱਤਵਪੂਰਨ ਮੌਕਾ ਹੁੰਦਾ ਹੈ। ਰੱਖੜੀ ਦੇ ਤਿਉਹਾਰ ਤੋਂ ਭੈਣਾਂ ਦੇ ਮਨਾਂ ਅੰਦਰ ਆਪਣੇ ਭਰਾਵਾਂ ਪ੍ਰਤੀ ਉੱਠਦੇ ਮੋਹ ਦੇ ਵਲਵਲੇ ਠਾਠਾਂ ਮਾਰਦੇ ਹੋਏ ਇਸ ਤਰ੍ਹਾਂ ਉਹਨਾਂ ਦੇ ਮੂੰਹੋਂ ਪ੍ਰਗਟ ਕੀਤੇ ਜਾਂਦੇ ਹਨ:-

ਭੈਣ ਕੋਲੋਂ ਵੀਰ ਵੇ ਬੰਨ੍ਹਾ ਲੈ ਰੱਖੜੀ ਵ,ਸੋਹਣੇ ਜਿਹੇ ਗੁੱਟ ਤੇ ਸਜਾ ਲੈ ਰੱਖੜੀ।

ਅਜੋਕੇ ਸਮੇਂ ਵਿੱਚ ਲੋਭ ਨੇ ਪਦਾਰਥਕ ਲਾਲਸਾਵਾਂ ਕਾਰਨ ਭੈਣ ਭਰਾ ਦੇ ਆਪਸੀ ਪਿਆਰ ਵਿੱਚ ਕੁਝ ਤਰੇੜਾਂ ਅਤੇ ਸੌੜੀ ਸੋਚ ਅਤੇ ਉਹਨਾਂ ਵਿੱਚੋਂ ਉਸਰਦੀਆਂ ਨਕਾਰਾਤਮਕ ਭਾਵਨਾਵਾਂ ਇਸ ਕਦਰ ਭਰ ਦਿੱਤੀਆਂ ਹਨ ਕਿ ਕਈ ਵਾਰ ਸਹੁਰੇ ਘਰ ਮਜ਼ਬੂਰ ਬੈਠੀਆਂ ਭੈਣਾਂ ਦੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਆਉਂਦਾ ਹੈ:-

ਭੈਣ ਵਰਗਾ ਸਾਕ ਨਾ ਕੋਈ ਟੁੱਟ ਕੇ ਨਾ ਬਹਿਜੀਂ ਵੀਰਨਾ

ਸਮੇਂ ਦੀ ਤੇਜ਼ੀ ਅਤੇ ਪੈਸੇ ਦੀ ਦੌੜ ਕਾਰਨ ਅੱਜਕਲ ਰਿਸ਼ਤਿਆਂ ਵਿਚ ਪਹਿਲਾਂ ਵਾਲ਼ਾ ਨਿੱਘ ਤੇ ਨਜ਼ਦੀਕੀਆਂ ਨਹੀਂ ਰਹੀਆਂ ਹਨ।ਕਿਤੇ ਭਰਾ ਉੱਤੇ ਸਵਾਰਥ ਭਾਰੂ ਹੁੰਦਾ ਹੈ ਕਿਤੇ ਭੈਣ ਰਿਸ਼ਤੇ ਨਾਲੋਂ ਵੱਧ ਪਦਾਰਥਾਂ ਨੂੰ ਤਰਜੀਹ ਦਿੰਦੀ ਹੈ।ਪਰ ਭੈਣ ਅਤੇ ਭਰਾ ਵਾਲੇ ਇਸ ਪਵਿੱਤਰ ਰਿਸ਼ਤੇ ਉੱਤੇ ਸਵਾਰਥ ਅਤੇ ਪਦਾਰਥਾਂ ਦਾ ਭਾਰ ਸੁੱਟ ਕੇ ਇਸ ਨੂੰ ਦਫ਼ਨ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਮਾਂ ਜਾਏ ਭੈਣ ਭਰਾ ਤਾਂ ਕਿਤੋਂ ਹੋਰ ਨਹੀਂ ਲੱਭ ਸਕਦੇ। ਭੈਣਾਂ ਦੇ ਮੂੰਹੋਂ ਇਹੋ ਜਿਹੀਆਂ ਭਾਵੁਕ ਭਾਵਨਾਵਾਂ ਗਿੱਧਿਆਂ ਵਿੱਚ ਵੀ ਸਹਿਜੇ ਹੀ ਜ਼ੁਬਾਨ ਤੇ ਆ ਜਾਂਦੀਆਂ ਹਨ:-

"ਇੱਕ ਵੀਰ ਦੇਈਂ ਵੇ ਰੱਬਾ , ਸੌਂਹ ਖਾਣ ਨੂੰ ਬੜਾ ਚਿੱਤ ਕਰਦਾ"

ਇਸ ਤਰ੍ਹਾਂ ਸਾਰੀਆਂ ਭੈਣਾਂ ਅਤੇ ਭਰਾ ਇਸ ਪਵਿੱਤਰ ਰਿਸ਼ਤੇ ਨੂੰ ਸਿਰਫ਼ ਇਕ ਰਸਮ ਸਮਝ ਕੇ ਨਾ ਮਨਾਉਣ ਬਲਕਿ ਇਸ ਦੇ ਪਿੱਛੇ ਛੁਪੀ ਹੋਈ ਪਰੰਪਰਾ ਨੂੰ ਜਿਊਂਦਿਆਂ ਰੱਖਣ ਲਈ ਵੀ ਤੱਤਪਰ ਰਹਿਣ। ਦੋ ਚਾਰ ਦਿਨ ਬਾਅਦ ਟੁੱਟ ਜਾਣ ਵਾਲੀ ਡੋਰ ਵਾਲਾ ਨਾਤਾ ਸਮਝਣ ਨਾਲੋਂ ਜ਼ਿਆਦਾ ਜ਼ੋਰ ਇਸ ਸੱਚੇ ਪਿਆਰ ਦੀ ਛਾਪ ਆਉਣ ਵਾਲੀਆਂ ਪੀੜ੍ਹੀਆਂ ਤੇ ਪਾਈ ਜਾਵੇ । ਇਸ ਤਰ੍ਹਾਂ ਭੈਣ ਅਤੇ ਭਰਾ ਦੇ ਪਿਆਰ ਦੀਆਂ ਮੋਹ ਵਾਲ਼ੀਆਂ ਤੰਦਾਂ ਪੀਡੀਆਂ ਤੇ ਪੀਡੀਆਂ ਹੀ ਕੀਤੀਆਂ ਜਾਣ। ਐਨੇ ਪਵਿੱਤਰ ਰਿਸ਼ਤੇ ਨੂੰ ਮਜ਼ਬੂਤ ਰੱਖਣ ਵਾਸਤੇ ਭੈਣ ਭਰਾ ਦੇ ਪਿਆਰ ਦੀ ਪ੍ਰਤੀਕ ਰੱਖੜੀ ਦੇ ਤਿਉਹਾਰ ਦੀ ਅਸਲੀ ਅਹਿਮੀਅਤ ਨੂੰ ਸਮਝਦੇ ਹੋਏ ਮਨਾਉਣਾ ਚਾਹੀਦਾ ਹੈ।

ਅਸੀਂ ਇਸ ਤਿਉਹਾਰ ਨੂੰ ਸਿਰਫ਼ ਭਰਾ ਦੀ ਜ਼ਿੰਮੇਵਾਰੀ ਤੱਕ ਸੀਮਤ ਨਾ ਕਰੀਏ। ਭੈਣ ਅਤੇ ਭਰਾ ਦੋਵੇਂ ਇੱਕ-ਦੂਜੇ ਦੀ ਇੱਜ਼ਤ, ਸਹਾਇਤਾ ਅਤੇ ਹੌਸਲੇ ਦਾ ਸਹਾਰਾ ਬਣਨ। ਭੈਣ ਵੀ ਭਰਾ ਦੀ ਤਰੱਕੀ ਲਈ ਦੁਆ ਕਰੇ ਅਤੇ ਭਰਾ ਵੀ ਆਪਣੀ ਭੈਣ ਦੇ ਸੁਪਨਿਆਂ ਅਤੇ ਅਧਿਕਾਰਾਂ ਦਾ ਸਤਿਕਾਰ ਕਰੇ। ਰਿਸ਼ਤਾ ਉਦੋਂ ਹੀ ਮਜ਼ਬੂਤ ਹੁੰਦਾ ਹੈ ਜਦੋਂ ਇਸ ਵਿੱਚ ਪਿਆਰ ਦੇ ਨਾਲ ਬਰਾਬਰੀ ਅਤੇ ਸਤਿਕਾਰ ਵੀ ਹੋਵੇ।ਰੱਖੜੀ ਸਾਨੂੰ ਇਹ ਵੀ ਸਿਖਾਉਂਦੀ ਹੈ ਕਿ ਰਿਸ਼ਤੇ ਸਿਰਫ਼ ਖ਼ੂਨ ਦੇ ਨਹੀਂ ਹੁੰਦੇ। ਜਿੱਥੇ ਪਿਆਰ, ਵਿਸ਼ਵਾਸ, ਸਤਿਕਾਰ ਅਤੇ ਆਪਣਾਪਣ ਹੋਵੇ, ਉੱਥੇ ਰਿਸ਼ਤੇ ਆਪਣੇ ਆਪ ਗੂੜ੍ਹੇ ਹੋ ਜਾਂਦੇ ਹਨ। ਇਸ ਲਈ ਇਸ ਦਿਨ ਸਾਨੂੰ ਆਪਣੇ ਹਰ ਉਸ ਰਿਸ਼ਤੇ ਦੀ ਕਦਰ ਕਰਨੀ ਚਾਹੀਦੀ ਹੈ, ਜਿਸ ਨੇ ਜ਼ਿੰਦਗੀ ਦੇ ਔਖੇ ਸਮਿਆਂ ਵਿੱਚ ਸਾਡਾ ਹੱਥ ਫੜਿਆ ਹੈ।



# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

## Sizes available in drive & trailer

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES | GOODYEAR | KELLY TIRES | BARKLEY Feel the difference | PIRELLI
MICHELIN A better way forward | BRIDGESTONE | Firestone | YOKOHAMA
PEARLY | NAMA | TOYO TIRES driven to perform | Continental | DUNLOP TIRES

# S. Singh Cell: (510) 766-9382

2955 N. Wilson Way Stockton , CA 95205




ਕਈ ਵੀਰਾਂ ਦੇ
**LICENSE CANCEL**
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

## ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ


ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ

**Green Card ਨਹੀਂ ਹੈ | I-485 Application ਅਜੇ Pending ਹੈ।**

# Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :


Green Card Case ਨੂੰ ਜਲਦੀ ਹੱਲ ਕਰਨ ਵਿੱਚ


CDL ਅਤੇ ਕੰਮ ਨੂੰ ਬਚਾਉਣ ਲਈ Legal Guidance


Deportation ਜਾਂ Immigration Detention Cases ਵਿੱਚ Legal Advice


Appeals ਅਤੇ Immigration Process ਵਿੱਚ ਸਹਾਇਤਾ


Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ


ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

**ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)**

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551

# ਚਰਚਿਤ ਗੀਤਕਾਰ ਤੇ ਲੋਕ ਗਾਇਕ ਗਿੱਲ ਦੀਸ਼ "3-4" ਗੀਤ ਚਰਚਾ ਵਿਚ ਹੈ: ਲੋਕ ਗਾਇਕ ਗਿੱਲ ਦੀਸ਼




ਪੰਜਾਬੀ ਸੰਗੀਤ ਜਗਤ ਵਿੱਚ ਆਪਣੀ ਗੀਤਕਾਰੀ ਕਰਕੇ "ਗਿੱਲ ਦੀਸ਼" ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀ। ਓਨਾਂ ਦੇ ਗੀਤਾਂ ਕਰਕੇ ਸਰੋਤਿਆਂ ਵੱਲੋ ਓਨਾਂ ਨੂੰ ਮਣਾਂ ਮੂੰਹੀ ਪਿਆਰ ਮਿਲ ਰਿਹਾ ਹੈ। ਪੰਜਾਬੀ ਮਾਂ ਬੋਲੀ ਦੇ ਲਾਲਡੇ ਸਪੂਤ ਨੇ 35 ਅੱਖਰਾਂ ਦੀ ਵਰਣ ਮਾਲਾ ਨੂੰ ਆਪਣੇ ਖੂਬਸੂਰਤ ਬਾਕਮਾਲ ਦੇ ਸ਼ਬਦਾ 'ਚ ਪਰੋ ਕੇ ਸੰਗੀਤਕ ਪ੍ਰੇਮੀਆ ਦੇ ਕੋਲੋ ਵਾਹ ਵਾਹ ਖੱਟੀ। ਓਨਾਂ ਦੇ ਗੀਤਾਂ ਦੀ ਸਬਦਾਂਵਲੀ ਸਰੋਤਿਆ ਦੇ ਦਿਲ ਤੇ ਨਵੇਕਲੀ ਛਾਪ ਛੱਡ ਜਾਂਦੀ ਹੈ। ਓਨਾਂ ਦੇ ਗੀਤ ਸਰੋਤਿਆ ਵੱਲੋ ਬਾਰ ਬਾਰ ਸੁਣੇ ਜਾਂਦੇ ਤੇ ਆਪਣੀਆਂ ਰੀਲਾਂ ਬਣਾ ਲਗਾਏ ਜਾਂਦੇ ਹਨ।

ਸੰਗੀਤ ਇੰਡਸਟ੍ਰੀਜ ਵਿਚ ਆਪਣੇ ਖੂਬਸੂਰਤ ਸੰਗੀਤ ਕਰਕੇ ਜਾਣੀ ਜਾਂਦੀ " ਬਾਦਸ਼ਾਹ ਸਟੂਡੀਓ ਪ੍ਰੈਜ਼ੈਂਟਸ" ਵੱਲੋ ਲੋਕ ਗਾਇਕ ਗਿੱਲ ਦੀਸ਼" ਦਾ ਪਲੇਠਾ ਗੀਤ "3-4" ਜੋ ਓਨਾਂ ਨੇ ਖੁਦ ਲਿਖਿਆ ਤੇ ਖੁਦ ਕੰਪੋਜ ਕਰ, ਖੁਦ ਹੀ ਗਾਇਆ ਹੈ। ਜਿਸ ਦਾ ਬੇਹਤਰੀਣ ਸੰਗੀਤ ਪ੍ਰਸਿੱਧ ਸੰਗੀਤਕਾਰ "ਬਾਦਸ਼ਾਹ" ਨੇ ਆਪਣੀ ਸੂਖਮ ਸੋਚ ਤੇ ਮਿਹਨਤ ਨਾਲ ਤਿਆਰ ਕੀਤਾ ਹੈ ਅਤੇ ਇਸ ਦੇ ਪ੍ਰੋਡਿਊਸਰ ਵੀ ਬਾਦਸ਼ਾਹ ਹਨ। ਇਸ ਗੀਤ ਦਾ ਖੂਬਸੂਰਤ ਵੀਡੀਓ ਦਰਸ਼ਕਾਂ ਦੇ ਮਨ ਭਾਉਦਾ ਹੈ। ਇਹ ਗੀਤ ਟ੍ਰੇਡਿੰਗ ਵਿੱਚ ਚੱਲ ਰਿਹਾ ਹੈ। ਇਸ ਗੀਤ ਲਈ ਲੋਕ ਗਾਇਕ ਗਿੱਲ ਦੀਸ਼ ਨੇ ਵਿਸੇਸ਼ ਧੰਨਵਾਦ ਸੱਤੂ ਬੱਲੂਆਣਾ, ਉਸਤਾਦ ਗੁਰਲਾਲ ਸੰਧੂ ਤੇ ਸੰਧੂ ਜਲਾਲਾਬਾਦ ਜੀ ਦਾ ਕੀਤਾ ਹੈ।

ਇਸ ਤੋ ਪਹਿਲਾ ਏਨਾ ਦੇ ਗੀਤ , ਪੰਜਾਬੀ ਸੰਗੀਤ ਇੰਡਸਟ੍ਰੀਜ ਦੀ ਦਿਗਜ ਲੋਕ ਗਾਇਕਾ "ਅਫ਼ਸਾਨਾ ਖਾਨ ਜੀ" ਦੀ ਭੈਣ , ਦਮਦਾਰ ਆਵਾਜ ਨਾਲ ਜਾਣੀ ਜਾਂਦੀ ਪ੍ਰਸਿੱਧ ਲੋਕ ਗਾਇਕਾ "ਰਫਤਾਰ ਕੌਰ" ਤੇ ਬੁਲੰਦ ਆਵਾਜ ਦੇ ਮਾਲਿਕ "ਜੱਸ ਸਿੱਧੂ" ਨੇ "ਜਮਾਨਤ" ਗੀਤ ਗਾ ਇੰਡਸਟ੍ਰੀਜ ਵਿੱਚ ਤਰਥੱਲੀ ਮਚਾਈ , ਬੇਹਤਰੀਣ ਤੇ ਬੁਲੰਦ ਦਮਦਾਰ ਗਾਇਕੀ ਦੀ ਮਲਿਕਾ ਲੋਕ ਗਾਇਕਾ "ਜਸਨਮੀਤ ਜੀ" ਨੇ ਜਦੋ "ਬ੍ਰਾਊਨ ਬੁਆਏ" ਗਾਇਆ ਤਾਂ ਸੰਗੀਤ ਦਾ ਇੱਕ ਵੱਖਰਾ ਸੁਮੇਲ ਦੇਖਣ ਨੂੰ ਮਿਲਿਆ। ਪੰਜਾਬੀ ਦੀ ਖੂਬਸੂਰਤ ਲੋਕ ਆਵਾਜ਼ ਨਾਮਵਰ ਲੋਕ ਗਾਇਕ "ਗੁਰਲਾਲ ਸੰਧੂ" ਨੇ "ਸਰੀਕ" ਤੇ "ਬਰਕਤ" ਗੀਤ ਆਪਣੀ ਆਵਾਜ਼ ਦੇ ਸੰਗੀਤਕ ਖੇਤਰ ਵਿਚ ਵੱਖਰਾ ਮੁਕਾਮ ਹਾਸਲ ਕੀਤਾ ਅਤੇ ਇਸੇ ਲੜੀ ਤਹਿਤ ਪੰਜਾਬੀ ਦੀ ਚਰਚਿਤ ਤੇ ਖੂਬਸੂਰਤ ਆਵਾਜ਼ ਦੀ ਮਲਿਕਾ ਲੋਕ ਗਾਇਕਾ "ਅਨੁਸਕਾ ਜੀ" ਨੇ "ਸਿਆਲ" ਗੀਤ ਸੁਰੀਲੀ ਆਵਾਜ ਦੇ ਚੋਖਾ ਰੰਗ ਭਰਿਆ, ਇਸੇ ਨਾਲ ਸੰਗੀਤ ਜਗਤ ਦੇ ਮੰਝੇ ਲੋਕ ਗਾਇਕ "ਹਾਰੂਨ ਜੀ" ਨੇ "ਚੰਡੀਗੜ੍ਹ" ,"ਸੁਪਨਾ" ਗੀਤ ਗਾ ਅਮਰ ਕਰ ਦਿੱਤਾ।

ਮੈ ਚਰਚਿਤ ਲੋਕ ਗਾਇਕ "ਗਿੱਲ ਦੀਸ਼ ਜੀ" ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਾ ਹਾਂ ਤੇ ਓਹ ਏਦਾਂ ਹੀ ਸੰਗੀਤ ਜਗਤ ਤੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਸਰੋਤਿਆ ਦਾ ਪਿਆਰ ਮੁਹੱਬਤ ਖੱਟਦੇ ਰਹਿਣ ਅਤੇ ਮੰਜ਼ਿਲਾਂ ਓਨਾਂ ਦੇ ਪੈਰ ਚੁੰਮਣ। ਆਮੀਨ

ਸਾਂਝੀ ਸੋਚ
ਸ਼ਿਵਨਾਥ ਦਰਦੀ
98551-55392



# ਭਰਾ-ਭੈਣ ਦੇ ਪਵਿੱਤਰ ਰਿਸ਼ਤੇ ਦਾ ਤਿਉਹਾਰ ਰੱਖੜੀ

ਛੋਟੀਆਂ-ਛੋਟੀਆਂ ਖੁਸ਼ੀਆਂ ਦਾ ਸੰਗ੍ਰਹਿ ਹੈ ਜੀਵਨ। ਅਗਰ ਸਮਾਜ ਵਿਚ ਤਿਉਹਾਰ (ਉਤਸਵ) ਨਾ ਹੋਣ ਮਾਨਵ ਦਾ ਜੀਵਨ ਜੜ੍ਹਹੀਣ, ਉਦਾਸੀਨ, ਨਿਰਾਸ਼ਾਜਨਕ ਹੋ ਕੇ ਰਹਿ ਜਾਏ। ਤਿਉਹਾਰ ਸਭ ਨੂੰ ਚੰਗੇ ਲੱਗਦੇ ਹਨ। ਧੰਦਾ-ਵਿਉਪਾਰ ਹੋਰ ਸਾਮਾਜਿਕ ਜੀਵਨ ਵਿਹਾਰ ਦੇ ਬੋਝ ਹੇਠਾਂ ਦੱਬਿਆ ਹੋਇਆ ਮਾਨਵ ਤਿਉਹਾਰ ਦੇ ਦਿਨ ਥੋੜ੍ਹੀ ਜਿਹੀ ਮੁਕਤ ਹਵਾ (ਸਾਹ) ਲੈ ਕੇ ਰਾਹਤ ਮਹਿਸੂਸ ਕਰਦਾ ਹੈ। ਜੀਵਨ ਦੇ ਅਰਥ ਨੂੰ ਖੁੱਲ੍ਹਾ-ਡੁੱਲਾ ਮਾਹੌਲ ਮਿਲਦਾ ਹੈ। ਦਿਲ-ਦਿਮਾਗ ਪ੍ਰਸੰਨਤਾ, ਸੰਕਲਪ ਲੈ ਕੇ ਮਨ ਦੀ ਖੇਚਲ ਨੂੰ ਦੂਰ ਹਟਾ ਕੇ ਆਨੰਦ ਪ੍ਰਾਪਤ ਕਰਦਾ ਹੈ। ਤਿਉਹਾਰ ਯਾਨੀ ਮਾਨਵ ਨੂੰ ਉਨਤ ਬਣਾਉਣ ਵਾਲਾ, ਸ੍ਰੇਸ਼ਟ ਬਣਾਉਣ ਵਾਲਾ ਅਤੇ ਸੰਸਕਾਰੀ ਬਣਾਉਣ ਵਾਲਾ। ਤਿਉਹਾਰ ਮਿਲਣ ਦੀ ਮੰਜ਼ਿਲ, ਪ੍ਰੇਮ ਦੇ ਅਨੁਯਾਈ, ਪ੍ਰਸੰਨਤਾ ਦੇ ਪ੍ਰੇਕਰ, ਧਰਮ ਦੇ ਰੱਖਿਅਕ ਅਤੇ ਭਾਵਨਾਵਾਂ ਦੇ ਸਰੋਤ ਹੁੰਦੇ ਹਨ। ਇਸੇ ਸੰਦਰਭ ਵਿਚ ਹਰ ਸਾਲ ਤਿਉਹਾਰ ਆਉਂਦਾ ਹੈ ਰੱਖੜੀ ਦਾ। ਰੱਖੜੀ ਭਾਵ ਪ੍ਰੇਮ ਬੰਧਨ। ਅੱਜ ਦੇ ਦਿਨ ਭੈਣ ਭਰਾ ਦੀ ਕਲਾਈ ਉਪਰ ਰੱਖੜੀ ਬੰਨਦੀ ਹੈ ਅਤੇ ਖੁਸ਼ੀ-ਖੁਸ਼ੀ ਭਰਾ ਦੇ ਦਿਲ ਨੂੰ ਪ੍ਰੇਮ ਵਿਚ ਬੰਨਦੀ ਹੈ। ਭੈਣ-ਭਰਾ ਦਾ ਮਿਲਣ ਭਾਵ ਕਿ ਪ੍ਰੇਮ, ਸਾਹਸ ਅਤੇ ਸੰਜਮ ਦਾ ਸਹਿਯੋਗ। ਭਾਰਤੀ ਸੰਸਕ੍ਰਿਤੀ ਵਿਚ ਇਸਤਰੀ ਨੂੰ ਭੋਗਦਾਸੀ ਨਾ ਸਮਝ ਕੇ ਉਸ ਦੀ ਪੂਜਾ ਕਰਨਾ ਪ੍ਰਥਮ ਕਰਤੱਵ ਸਮਝਿਆ ਜਾਂਦਾ ਹੈ। ਰੱਖੜੀ ਦਾ ਤਿਉਹਾਰ ਭਾਵ ਦ੍ਰਿਸ਼ਟੀ ਪਰਿਵਰਤਨ ਦਾ ਤਿਉਹਾਰ। ਰੱਖੜੀ ਬੰਨ ਕੇ ਭਰਾ ਰੱਖਿਆ ਦੀ ਜ਼ੁੰਮੇਵਾਰੀ ਉਠਾਂਦਾ ਹੈ ਤਾਂ ਕਿ ਸਮਾਜ ਵਿਚ ਭੈਣ ਨਿਡਰ ਹੋ ਕੇ ਵਿਚਰ ਸਕੇ। ਭਰਾ ਨੂੰ ਰੱਖੜੀ ਬੰਨਣ ਤੋਂ ਪਹਿਲਾਂ ਭੈਣ ਉਸ ਦੇ ਮਸਤਕ ਉਤੇ ਤਿਲਕ ਕਰਦੀ ਹੈ। ਇਹ ਤਿਲਕ ਭਰਾ ਦੇ ਲਈ ਸ਼ੁਭਕਾਮਨਾ, ਚੰਗੇ ਸਦ ਵਿਚਾਰ ਅਤੇ ਬਲ ਬੁੱਧੀ ਦਾ ਪ੍ਰਤੀਕ ਹੈ। ਭੈਣ ਭਰਾ ਦਾ ਤੀਜਾ ਨੇਤਰ-ਬੁੱਧੀ ਹੈ, ਜਿਸਨੂੰ ਖੋਲ੍ਹ ਕੇ ਉਸਨੂੰ ਵਿਕਾਰ-ਵਾਸਨਾ ਆਦਿ ਨੂੰ ਭਸਮ ਕਰਨ ਦਾ ਸੂਚਨ ਕਰਦੀ ਹੈ। ਭਰਾ ਦੇ ਗੁੱਟ ਉਪਰ ਰੱਖੜੀ ਬੰਨ ਕੇ ਭੈਣ ਉਸ ਕੋਲੋਂ ਅਪਣਰਕਸ਼ਨ (ਰੱਖਿਆ) ਨਹੀਂ ਚਾਹੁੰਦੀ ਬਲਕਿ ਸਾਰੀ ਇਸਤਰੀ ਜਾਤੀ ਦੇ ਰਕਸਣ ਦੀ ਕਾਮਨਾ ਰੱਖਦੀ ਹੈ। ਭਰਾ ਦੇ ਹਰ ਖੇਤਰ ਵਿਚ ਜਿੱਤ ਪ੍ਰਾਪਤ ਹੋਵੇ। ਭੈਣ ਭਰਾ ਦੇ ਸੱਚੇ ਨਿਸ ਸਵਾਰਥ ਮਿਲਣ ਨੂੰ ਰੱਖੜੀ ਕਹਿੰਦੇ ਹਨ। ਸਿੱਖ ਇਤਿਹਾਸ ਵਿਚ ਵੀ ਭੈਣ ਭਰਾ ਦੇ ਮਿਲਣ ਦੀ ਇਕ ਸਰਵ ਉਚੇ ਉਦਾਹਰਣ ਮਿਲਦੀ ਹੈ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਉਨ੍ਹਾਂ ਦੀ ਭੈਣ ਬੀਬੀ ਨਾਨਕੀ ਨੇ ਰੋਟੀ ਬਣਾਉਂਦੇ ਹੋਏ ਯਾਦ ਕੀਤਾ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਸਭ ਕਾਰਜ ਛੱਡ ਕੇ ਬੀਵੀ ਨਾਨਕੀ ਕੋਲ ਪਹੁੰਚ ਗਏ। ਬੀਬੀ ਨਾਨਕੀ ਉਨ੍ਹਾਂ ਨੂੰ ਵੇਖ ਕੇ ਖੁਸ਼ ਹੋ ਗਈ। ਉਸਦੀ ਪ੍ਰਸੰਨਤਾ ਦਾ ਕੋਈ ਠਿਕਾਣਾ ਨਾ ਰਿਹਾ ਅਤੇ ਸ੍ਰੀ ਗੁਰੂ ਨਾਨਕ ਜੀ ਨੇ ਪਿਆਰ-ਸਤਿਕਾਰ ਨਾਲ ਭੋਜਨ ਛਕਿਆ ਅਤੇ ਬੀਬੀ ਨਾਨਕੀ ਨੂੰ ਸ਼ੁਭਕਾਮਨਾਵਾਂ ਅਤੇ ਆਸ਼ੀਰਵਾਦ ਦਿੱਤੇ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬੀਬੀ ਨਾਨਦੀ (ਭੈਣ-ਭਰਾ) ਦਾ ਪਵਿੱਤਰ ਮਿਲਣ ਹੀ ਰੱਖੜੀ ਕਹਿਲਾਉਂਦਾ ਹੈ। ਪਿਆਰ ਨਾਲ, ਹਿਰਦੇ ਤੋਂ ਭੈਣ ਯਾਦ ਕਰੇ ਅਤੇ ਖੁਸ਼ੀ-ਖੁਸ਼ੀ ਨਾਲ ਭਰਾ ਮਿਲਣ ਜਾਹੇ ਇਹ ਹੈ ਪ੍ਰੇਮ-ਬੰਧਨ, ਇਹੋ ਹੈ ਰੱਖੜੀ। ਭਾਰਤੀ ਸੰਸਕ੍ਰਿਤੀ ਵਿਚ ਦੇਵਾਸੁਰ ਸੰਗ੍ਰਾਮ ਦੇਵਤਿਆਂ ਦੀ ਜਿੱਤ ਦੇ ਨਿਮਿਤ ਇੰਦਰਾਣੀ ਨੇ ਹਿੰਮਤ ਹਾਰੇ ਹੋਏ ਇੰਦਰ ਦੇ ਗੁੱਟ 'ਤੇ ਰੱਖੜੀ ਬੰਨ੍ਹੀ ਸੀ। ਅਭਿਮੰਨਿਉ ਦੀ ਰੱਖਿਆ ਨਿਮਿਤ ਕੁੰਤਾ ਮਾਤਾ ਨੇ ਉਸਨੂੰ ਰੱਖੜੀ ਬੰਨ੍ਹੀ ਸੀ ਅਤੇ ਆਪਣੀ ਰੱਖਿਆ ਦੇ ਲਈ ਰਾਣੀ ਕਰਮਵਤੀ ਨੇ ਹਮਾਯੂੰ ਨੂੰ ਰੱਖੜੀ ਭੇਜੀ ਸੀ। ਰੱਖੜੀ ਵਿਚ ਡਰ ਰਹਿਤ ਪੱਖ ਦੀ ਭਾਵਨਾ ਸਮਾਈ ਹੋਈ ਹੈ। ਰੱਖੜੀ ਭਾਵ ਕਿ ਭੈਣ ਦੀ ਰੱਖਿਆ ਲਈ ਜਿੰਮੇਵਾਰੀ। ਰੱਖੜੀ ਭਾਵ ਭੈਣ-ਭਰਾ ਦੇ ਪ੍ਰੇਮ ਦਾ ਸੱਚਾ ਸੰਕਲਪ, ਪ੍ਰੇਮ ਦੀ ਸ਼ਕਤੀ, ਪ੍ਰੇਮ ਦਾ ਵਹਿੰਦਾ ਝਰਨਾ ਅਤੇ ਸਨੇਹ ਦਾ ਚਮਕਦਾ ਸੂਰਜ ਜੋ ਸਮਾਜ ਨੂੰ ਪ੍ਰੇਮ ਦੀ ਰੌਸ਼ਨੀ ਦੇਵੇ। ਅੱਜ-ਕੱਲ੍ਹ ਮਾਤਾ-ਪਿਤਾ ਦੇ ਇਕ ਜਾਂ ਦੋ ਹੀ ਬੱਚੇ ਹੋਣ ਕਰਕੇ ਇਹ ਤਿਉਹਾਰ ਕੁਝ ਆਧੁਨਿਕਤਾ ਵਿਚ ਅਤੇ ਵਿਗਿਆਨਕ ਸੱਚ ਵਿਚ ਬਦਲਦਾ ਜਾ ਰਿਹਾ ਹੈ। ਭੈਣ-ਭਰਾ ਦੀ ਕਲਾਈ 'ਤੇ ਵੀ ਰੱਖੜੀ ਬੰਨਦੀ ਹੈ ਅਤੇ ਸੁਰੱਖਿਆ-ਬੰਧਨ ਦਾ, ਉਚ ਬੁੱਧੀ ਦਾ, ਉਚ ਵਿਵੇਕ ਦਾ, ਮਾਤਾ-ਪਿਤਾ ਦੀ ਸੇਵਾ ਦਾ, ਸਮਾਜ ਵਿਚ ਸੇਵਾ ਕਰਨ ਦਾ ਸੰਕਲਪ ਲੈਂਦੀ ਹੈ। ਅੱਜ ਦੀ ਨਾਰੀ ਨੇ ਹਰ ਇਕ ਖੇਤਰ ਵਿਚ ਤਰੱਕੀ ਪਾਈ ਹੈ। ਜਿਸਦੀ ਇਕ ਹੀ ਬੇਟੀ ਹੈ ਉਹ ਆਪਣੇ ਪਿਤਾ ਦੇ ਜਾਂ ਰਿਸ਼ਤੇਦਾਰੀ 'ਚੋਂ ਲੱਗਦੇ ਭਰਾ ਨੂੰ ਵੀ ਰੱਖੜੀ ਬੰਨਦੀ ਹੈ। ਰੱਖੜੀ ਦਾ ਇਹ ਤਿਉਹਾਰ ਦੇਸ਼-ਵਿਦੇਸ਼ ਵਿਚ ਮਿਹਨਤ ਕਰਦੇ ਭਾਰਤੀਆਂ ਲਈ ਸਰਵਉਤਮ ਤਿਉਹਾਰ ਹੈ। ਵਿਦੇਸ਼ਾਂ ਵਿਚ ਬੈਠੇ ਭਰਾਵਾਂ ਨੂੰ ਭੈਣਾਂ ਰੱਖੜੀ ਭੇਜਦੀਆਂ ਹਨ ਅਤੇ ਈ-ਮੇਲ ਉਪਰ ਜਾਂ ਮੋਬਾਈਲ ਫ਼ੋਨ ਉਪਰ ਇਕ ਦੂਸਰੇ ਨੂੰ ਵਧਾਈਆਂ, ਸ਼ੁਭਕਾਮਨਾਵਾਂ ਅਤੇ ਆਸ਼ੀਰਦਵਾਦ ਦਿੰਦੇ ਹਨ। ਅੱਜ-ਕੱਲ੍ਹ ਰੱਖੜੀ ਕਈ ਮਹਿੰਗੇ ਰੂਪਾਂ ਵਿਚ ਮਿਲਦੀ ਹੈ। ਰੱਖੜੀ ਸੋਨੇ ਦੀ, ਹੀਰੇ ਦੀ ਅਤੇ ਕਈ ਕੀਮਤੀ ਧਾਤੂਆਂ ਤੋਂ ਬਣਦੀ ਹੈ। ਆਪਣੀ-ਆਪਣੀ ਸਮਰੱਥਾ ਦੇ ਮੁਤਾਬਿਕ ਰੱਖੜੀ ਬੰਨੀ ਜਾਂਦੀ ਹੈ। ਇਸ ਦਿਨ ਬਾਜ਼ਾਰਾਂ ਵਿਚ ਖ਼ੂਬ ਰੌਣਕਾਂ ਹੁੰਦੀਆਂ ਹਨ। ਤਰ੍ਹਾਂ-ਤਰ੍ਹਾਂ ਦੀਆਂ ਮਠਿਆਈਆਂ (ਮਿਸ਼ਠਾਣਾਂ) ਨਾਲ ਦੁਕਾਨਾਂ ਸਜੀਆਂ ਹੁੰਦੀਆਂ ਹਨ। ਕਈ ਪ੍ਰਕਾਰ ਦੀਆਂ ਰੱਖੜੀਆਂ ਦੁਕਾਨਾਂ ਦੀ ਸ਼ੋਭਾ ਵਧਦੀਆਂ ਹਨ ਵਿਕਰੀ ਲਈ। ਸਧਰਾਂ-ਚਾਵਾਂ, ਖੁਸ਼ੀਆਂ ਨਾਲ ਰੱਖੜੀ ਖਰੀਦੀ ਜਾਂਦੀ ਹੈ। ਇਸ ਦਿਨ ਰਿਸ਼ਤੇਦਾਰਾਂ ਦੀਆਂ, ਸਨੇਹੀਆਂ ਦੀਆਂ ਨੂੰਹਾਂ-ਬੇਟੀਆਂ ਨੂੰ ਵੀ ਮਿਠਾਈਆਂ ਆਦਿ ਭੇਜੀਆਂ ਜਾਂਦੀਆਂ ਹਨ। ਰੱਖਿਆ ਬੰਧਨ (ਰੱਖੜੀ) ਦਾ ਤਿਉਹਾਰ, ਹਿਰਦੇ ਦਾ ਤਿਉਹਾਰ ਹੈ, ਤਰੱਕੀ ਦਾ ਪ੍ਰਤੀਕ, ਚੰਗੇ ਸ਼ੁੱਧ ਆਚਰਣ ਦਾ ਪ੍ਰਤੀਕ, ਦ੍ਰਿਸ਼ਟੀ ਪਰਿਵਰਤਨ ਦਾ ਪ੍ਰਤੀਕ ਹੈ। ਧਾਰਮਿਕ ਸ਼ਰਧਾਲੂ ਸਾਧਕ ਧਾਰਮਿਕ ਸਥਾਨਾਂ ਵਿਚ ਜਾ ਕੇ ਪੂਜਾ ਕਰਦੇ ਹਨ ਅਤੇ ਭਗਵਾਨ ਨੂੰ ਰੱਖੜੀ ਬੰਨਦੇ ਹਨ ਅਤੇ ਜੀਵਨ ਦੀ ਤਰੱਕੀ ਦੀ, ਖੁਸ਼ਹਾਲੀ ਦੀ ਚੰਗੇ ਆਚਰਣ ਦੀ, ਸ਼ਾਂਤੀ ਅਤੇ ਖੁਸ਼ੀਆਂ ਦੀ ਕਾਮਨਾ ਕਰਦੇ ਹਨ।



SANJHI SOCH
ਬਲਵਿੰਦਰ ਬਾਲਮ
ਉਂਕਾਰ ਨਗਰ
ਗੁਰਦਾਸਪੁਰ (ਪੰਜਾਬ)
98156-25409

LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com

# ATWAL
# IMMIGRATION SERVICES

ATWAL
TAX & IMMIGRATION
— SERVICES —



- FAMILY PETITIONS
- NATURALIZATION (US CITIZENSHIP)
- GREEN CARD RENEW
- WORK PERMIT RENEW
- AFFIDAVIT OF SUPPORT
- INDIAN AND US PASSPORT RENEW
- INDIAN VISA
- OCI
- E-VISA
- INDIAN PASSPORT SURRENDER

ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ



TONY ATWAL

ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com

ਜਾਂ ਫ਼ਿਰ ਸਾਡੀ WEBSITE
www.atwaltaximmigrationservices.com

ADDRESS 1
119 N Maple Ave, Ste B,Manteca, CA,95336 Manteca
(209) 505-6384

ADDRESS 2
2800 Mitchell Rd,Ste.W,Ceres ,CA 95307, Ceres
(209) 568-9682

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ **eBaba App** ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.